ਪ੍ਰੋ. ਪੂਰਨ ਸਿੰਘ ਦਾ ਸਰ ਜੌਹਨ ਸਾਈਮਨ ਨੂੰ ਖੁੱਲ੍ਹਾ ਖੱਤ

ਪਿਆਰੇ ਸਰ ਜੌਹਨ ਸਾਈਮਨ

ਭਾਰਤ ਦੇ ਹਾਲਾਤ ਅਸਲ ਵਿਚ ਇੰਨੇ ਜਟਿਲ ਹੋ ਚੁੱਕੇ ਹਨ ਕਿ ਇਨ੍ਹਾਂ ਨੇ ਸਾਰੇ ਬੌਧਿਕ ਕਿਸਮ ਦੇ ਲੋਕਾਂ ਨੂੰ ਭਾਰਤੀ ਆਜ਼ਾਦੀ ਦਾ ਉੱਤਮ ਰਾਹ ਲੱਭਣ ਲਈ ਬੇਦਮ ਕਰ ਰੱਖਿਆ ਹੈ। ਇਸ ਸਮੇਂ ਜਦੋਂ ਸੰਵਿਧਾਨ ਵਿੱਚ ਸੋਧਾਂ ਕਰਨ ਦਾ ਮਾਮਲਾ ਵਿਚਾਰ ਅਧੀਨ ਹੈ ਤਾਂ ਰਈਅਤ ਦੇ ਇੱਕ ਹਿੱਸੇ ਵਜੋਂ ਮੈਂ ਕੁੱਝ ਵਿਚਾਰ ਤੁਹਾਡੇ ਨਾਲ ਸਾਂਝੇ ਕਰਨਾ ਚਾਹੁੰਦਾ ਹੈ। ਇਹ ਵਿਚਾਰ ਭਾਵੇਂ ਤੁਹਾਡੀ ਸਿੱਧੇ ਤੌਰ ਤੇ ਕੋਈ ਮਦਦ ਨਾ ਕਰਨ ਪਰ ਇਹ ਇਕ ਭਾਰਤੀ ਦੇ ਗਹਿਰੇ ਮਾਨਸਿਕ ਦਵੰਦ ਨੂੰ ਜਰੂਰ ਪ੍ਰਗਟ ਕਰਨਗੇ ਅਤੇ ਕੁਦਰਤੀ ਤੌਰ ਤੇ ਇੱਕ ਵਿਦੇਸ਼ੀ ਨਾਲੋਂ ਆਪਣੇ ਲੋਕਾਂ ਦੀ ਮਾਨਸਿਕਤਾ ਨੂੰ ਜ਼ਿਆਦਾ ਸਪੱਸ਼ਟ ਕਰਨਗੇ।

ਮੈਂ ਦੇਖ ਰਿਹਾ ਹਾਂ ਕਿ ਤੁਹਾਡੇ ਕਮਿਸ਼ਨ ਦਾ ਬਾਈਕਾਟ ਕਮਜ਼ੋਰ ਹੋ ਰਿਹਾ ਹੈ। ਬਾਈਕਾਟ ਕਰਨ ਵਾਲੇ ਬਹੁਤੇ ਜੋਸ਼ੀਲਿਆਂ ਵਲੋਂ ਪ੍ਰਸਤਾਵਿਤ ਸੰਵਿਧਾਨ ਉਨ੍ਹਾਂ ਆਪਣੇ ਤੌਰ ਉਤੇ ਛਾਪਿਆ ਹੈ।ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਵਿਚਾਰ ਅਸਿੱਧੇ ਤੌਰ ਉਤੇ ਤੁਹਾਡੇ ਅੱਗੇ ਰੱਖ ਦਿੱਤੇ ਹਨ। ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਜੇ ਉਹ ਆਪਣੀ ਇੱਛਾ ਅਨੁਸਾਰ ਤੁਹਾਡਾ ਪੂਰੀ ਤਰ੍ਹਾਂ ਬਾਈਕਾਟ ਕਰਨਗੇ ਤਾਂ ਉਨ੍ਹਾਂ ਨੇ ਮਿਜਾਜ ਦੀ ਇਹ ਗਰਮੀ ਅਸਥਾਈ ਹੀ ਨਹੀਂ ਸਗੋਂ ਮੱਹਤਵਹੀਣ ਵੀ ਹੋਏਗੀ। ਮੈਂ ਤੁਹਾਨੂੰ ਸਪੱਸ਼ਟ ਦੱਸਣਾ ਚਾਹੁੰਦਾ ਹਾਂ ਕਿ ਘੱਟੋ-ਘੱਟ ਇਨ੍ਹਾਂ ਬੁੱਧੀਜੀਵੀਆਂ ਦੇ ਸੱਦੇ ਉੱਤੇ ਭਾਰਤ ਵਿਚ ਕਿਸੇ ਵੀ ਤਰ੍ਹਾਂ ਦੀ ਸਫਲ ਕ੍ਰਾਂਤੀ ਦੇ ਆਉਣ ਦੀ ਸੰਭਾਵਨਾ ਨਹੀਂ ਹੈ। ਜੇ ਇਨ੍ਹਾਂ ਦੇ ਸੱਦੇ ਉੱਤੇ ਇਹ ਕ੍ਰਾਂਤੀ ਆਉਂਦੀ ਹੁੰਦੀ ਤਾਂ ਇਹ ਕਦੋਂ ਦੀ ਆ ਚੁੱਕੀ ਹੁੰਦੀ (ਭਾਵ ਇਨ੍ਹਾਂ ਦੇ ਕਹਿਣ 'ਤੇ ਕ੍ਰਾਂਤੀ ਨਹੀਂ ਆ ਸਕਦੀ) ਕਿਉਂਕਿ ਇਥੇ ਅਜ਼ਾਦੀ ਵਰਗੀ ਚੀਜ਼ ਦਾ ਸੰਕਲਪ ਹੀ ਨਹੀਂ ਹੈ। ਅਸਲ ਵਿੱਚ, ਮਨੁੱਖੀ ਮਾਮਲਿਆਂ ਵਿਚ ਕਈ ਤਰ੍ਹਾਂ ਦੇ ਅਚਾਨਕ ਫੇਰ-ਬਦਲ ਹੁੰਦੇ ਰਹਿੰਦੇ ਹਨ ਇਸ ਲਈ ਤੁਹਾਡੇ ਦੇਸ਼ਵਾਸੀ ਸੰਭਾਵਿਤ ਕ੍ਰਾਂਤੀ ਤੋਂ ਡਰੇ ਹੋਏ ਹਨ ਅਤੇ ਉਦੋਂ ਤਕ ਡਰੇ ਰਹਿਣਗੇ ਜਦੋਂ ਤਕ ਇਹ ਆ ਨਹੀਂ ਜਾਂਦੀ (ਭਾਵ ਇਹ ਇਕ ਭੁਲੇਖਾ ਹੀ ਹੈ ਕਿ ਇਥੇ ਕ੍ਰਾਂਤੀ ਹੋਵੇਗੀ)। ਹਥਿਆਰਬੰਦ ਕਰਾਂਤੀ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂਕਿ ਮੈਂ ਜਾਣਦਾ ਹਾਂ ਕਿ ਤੁਹਾਡੇ ਅਤੇ ਉਨ੍ਹਾਂ ਵਿਚਕਾਰ ਕਈ ਤਰ੍ਹਾਂ ਦਾ ਆਮ ਲੈਣ ਦੇਣ ਹੋਵੇਗਾ। ਸਾਡੇ ਭਾਰਤੀ ਕਿਸਾਨਾਂ ਦੀ ਤੁਹਾਡੇ ਅਤੇ ਪੰਡਤ ਮੋਤੀ ਲਾਲ ਨਹਿਰੂ ਵਲੋਂ ਲਿਖੇ ਜਾ ਰਹੇ ਸੰਵਿਧਾਨ ਵਿੱਚ ਕੋਈ ਬਹੁਤੀ ਰੁਚੀ ਨਹੀਂ ਹੈ। ਇਸ ਤਰ੍ਹਾਂ ਕਿਉਂ ਹੈ?

1. ਜਾਦੂਗਰਨੀਆਂ ਦਾ ਕੜਾਹਾ

ਜਦੋਂ ਚੀਜਾਂ ਉਦਾਸੀ ਦੀ ਹੱਦ ਤੱਕ ਡਿੱਗ ਚੁੱਕੀਆਂ ਹੋਣ ਅਤੇ ਜੇ ਰੋਜ਼ਾਨਾ ਜ਼ਿੰਦਗੀ ਦੇ ਕਾਰ ਵਿਹਾਰ ਅਤੇ ਲੋੜਾਂ ਨੂੰ ਚਲਾਉਣ ਲਈ ਵਿਸਥਾਰ ਵਿਚ ਜਾ ਕੇ ਸਹੀ ਹਮਦਰਦੀ ਦੀ ਭਾਵਨਾ ਨਾਲ ਸੰਵਿਧਾਨ ਲਿਖਣਾ ਹੋਵੇ ਤਾਂ ਭਾਰਤ ਵਿੱਚ ਬੇਹੱਦ ਘੱਟ ਅਜਿਹਾ ਮਨੁੱਖੀ ਮਾਦਾ ਮਿਲੇਗਾ ਜਿਸ ਨੂੰ ਸਭਿਅਕ ਕਿਹਾ ਜਾ ਸਕਦਾ ਹੋਵੇ ਅਤੇ ਅਸਲ ਅਰਥਾਂ ਵਿੱਚ 'ਭਾਰਤੀ' ਹੋਣ ਦਾ ਮਾਣ ਦਿੱਤਾ ਜਾ ਸਕੇ ਜਿਵੇਂ ਜਪਾਨੀ ਅਤੇ ਅੰਗਰੇਜ਼ ਹਨ ਜਿਸਦੇ ਲਈ ਦੇਸ਼ ਦੇ ਹਿੱਤ ਜ਼ਿੰਦਗੀ ਤੋਂ ਉਪਰ ਹੋਣੇ ਅਤੇ ਜੋ ਦੇਸ਼-ਸੇਵਾ ਲਈ ਜੋਸ਼ੀਲੀ ਭਾਵਨਾ ਰੱਖਦਾ ਹੋਵੇ। ਭਾਰਤ ਵਿੱਚ ਹਿੰਦੂ, ਸਿੱਖ, ਮੁਸਲਮਾਨ ਕਰਿਸਚੀਅਨ, ਪਾਰਸੀ ਅਤੇ ਜੈਨ ਹਨ ਪਰ 'ਭਾਰਤੀ' ਕੋਈ ਨਹੀਂ ਹੈ ਅਤੇ ਇਹ ਤੱਥ ਹੈਰਾਨੀਜਨਕ ਹੋਵੇਗਾ ਪਰ ਸੱਚ ਹੈ ਕਿ ਜਿਨ੍ਹਾਂ ਨੇ ਉਪਰੋਕਤ ਲੇਬਲ ਲਾਹੇ ਹੋਏ ਹਨ ਉਹ ਵੀ ਖਾਲੀ ਬੋਤਲਾਂ ਵਰਗੇ ਹਨ, ਜੋ ਵਾਈਨ, ਐਸੀਡ ਅਤੇ ਜਹਿਰ ਦੇ ਗੁਣਾਂ ਤੋਂ ਵਗੈਰ ਹੁੰਦੀਆਂ ਹਨ।ਇਨ੍ਹਾਂ ਦਾ ਕੋਈ ਮਹੱਤਵ ਨਹੀਂ ਹੈ ਕਿਉਂ ਕਿ ਸਦੀਆਂ ਤੱਕ, ਭਾਰਤੀ ਸੁਭਾਅ ਖੁੱਲੀ-ਡੁੱਲੀ ਦੇਸ਼ ਭਗਤੀ ਦੀ ਪ੍ਰਥਾ ਜਾਂ ਰਿਵਾਜ ਨਾਲ ਸਬੰਧਤ ਨਹੀਂ ਰਹੀ ਹੈ।ਸਗੋਂ ਇਹ ਨਸਲੀ

ਧਾਰਨਾਵਾਂ ਅਤੇ ਸਮਾਜਕ ਅੰਧਵਿਸ਼ਵਾਸਾਂ ਉਤੇ ਅਧਾਰਿਤ ਹੈ। ਇਹ ਧਾਰਮਕ ਭਿੰਨ-ਭੇਦ ਅਤੇ ਧਾਰਮਕ ਕੱਟੜਤਾ ਤੋਂ ਵੀ ਮੁਕਤ ਨਹੀਂ ਹੈ। ਭਾਰਤ ਵਿੱਚ ਆਪਣੀ ਸਰਕਾਰ ਤੋਂ ਭਾਵੇਂ ਕੁਝ ਧੋਖੇਬਾਜ਼ ਅਤੇ ਜਬਰ ਕਰਨ ਵਾਲਿਆਂ ਦੀ ਸਰਕਾਰ ਹੈ।" ਜੋ ਇਕ ਵਾਰ ਤਾਕਤ ਉਤੇ ਕਾਬਜ਼ ਹੋ ਗਏ ਤਾਂ ਉਹ ਸਾਰੇ ਕਾਨੂੰਨਾਂ ਅਤੇ ਸੰਵਿਧਾਨਾਂ ਨੂੰ ਆਪਣੀ ਇੱਛਾ ਅਨੁਸਾਰ ਮੋੜ ਲੈਣਗੇ ਅਤੇ ਇਨ੍ਹਾਂ ਨੂੰ ਸੰਪਰਦਾਇਕ ਅਤੇ ਧਾਰਮਿਕ ਭਿੰਨ-ਭੇਦ ਦੇ ਅਧਾਰ ਉੱਤੇ ਕਾਰਜ਼ਸ਼ੀਲ ਕਰਨ ਗਏ।

ਮੁਸਲਮ ਕਿਸੇ ਤਰ੍ਹਾਂ ਦੇ ਵੀ ਆਪਣੇ ਦੇਸ਼ ਉੱਤੇ ਵਿਸ਼ਵਾਸ ਨਹੀਂ ਰੱਖਦਾ। ਇਸਦਾ ਅਜਿਹੇ ਭਾਈਚਾਰੇ ਵਿੱਚ ਵਿਸ਼ਵਾਸ ਹੈ ਜੋ ਗਿਣਤੀ ਦੇ ਹਿਸਾਬ ਨਾਲ ਸਾਰੇ ਸੰਸਾਰ ਨੂੰ ਜਿੱਤ ਲਵੇਗਾ। ਇਸ ਲਈ ਮੁਸਲਮ ਭਾਈਚਾਰੇ ਦੀ ਰਾਜਨੀਤਕ ਤਰਕੀ ਹੀ ਅਸਲ ਤਰੱਕੀ ਹੈ। ਨਸਲੀ ਵਿਚਾਰ ਅਨੁਸਾਰ, ਇਹ ਮੁਸਲਮ ਵਿਚਾਰਧਾਰਾ ਵਡਿਆਈ ਦੀ ਪਾਤਰ ਹੈ।ਅਤੇ ਅਜਿਹੇ ਲੋਕਾਂ ਦੀ ਕੌਮ ਜੇ ਵਿਰੋਧੀ ਹਾਲਤਾਂ ਇਨ੍ਹਾਂ ਉੱਤੇ ਅਸਰ ਨਾ ਕਰਨ ਤਾਂ, ਕਿਸੇ ਬਾਹਰਲੇ ਦੀ ਧੌਂਸ ਥੱਲੇ ਰਹਿਣ ਤੋਂ ਹਮੇਸ਼ਾ ਆਕੀ ਰਹਿੰਦੀ ਹੈ। ਮੁਸਲਮ ਸਾਰੇ ਸੰਸਾਰ ਉੱਤੇ ਰਾਜ ਕਰਨ ਦੀ ਇੱਛਾ ਰੱਖਦੇ ਹਨ ਅਤੇ ਇਨ੍ਹਾਂ ਦੇ ਬੱਚੇ ਏਸ਼ੀਆ ਵਿੱਚ ਇਸਲਾਮਕ ਸਾਮਰਾਜ ਸਿਰਜਣ ਦਾ ਸੁਧਨਾ ਲੈਂਦੇ ਹਨ।

ਮੁਸਲਮਾਨਾਂ ਦੇ ਭਾਰਤ ਵਿੱਚ ਹਿੱਤ ਰਾਸ਼ਟਰਵਾਦੀ ਨਹੀਂ ਹੋ ਸਕਦੇ ਜਿਵੇਂ ਨੈਸ਼ਨਲ ਕਾਂਗਰਸ ਦੇ ਹਿੰਦੂ ਬੁੱਧੀਜੀਵੀ ਘੋਸ਼ਿਤ ਕਰਦੇ ਹਨ। ਅੱਤ ਵਿਸ਼ੇਸ਼ ਕਿਸਮ ਦੀ ਵਿਚਾਰਧਾਰਾ ਦੇ ਲੋਕ ਹਰੇਕ ਕੌਮ ਵਿੱਚ ਹੁੰਦੇ ਹਨ। ਅਤੇ ਭਾਰਤ ਦੇ ਮੁਸਲਮਾਨਾਂ ਵਿੱਚ ਵੀ ਹਨ। ਇਸ ਕਿਸਮ ਦੇ ਲੋਕਾਂ ਨੂੰ ਲਖਨਊ ਵਿੱਚ ਇੱਕਠੇ ਕਰਕੇ ਕੁਝ ਮਤਿਆਂ ਦੇ ਆਧਾਰ ਉੱਤੇ ਇਨ੍ਹਾਂ ਨੂੰ ਨਹਿਰੂ ਕਮੇਟੀ ਦੇ ਡਰਾਫਟ ਨਾਲ ਸਹਿਮਤ ਕਰਕੇ ਇਤਿਹਾਸ ਸਿਰਜਣ ਦੀਆਂ ਘੋਸ਼ਣਾਵਾਂ ਮੇਰੇ ਲਈ ਮੂਰਖਤਾਪੂਰਣ ਕਲਪਨਾਵਾਂ ਤੋਂ ਵੱਧ ਨਹੀਂ ਹਨ।

ਮੈਂ ਕਹਿਣਾ ਚਾਹੁੰਦਾ ਹਾਂ ਕਿ ਭਾਰਤੀ ਬੁੱਧੀਜੀਵੀਆਂ ਦਾ ਖੁਸ਼-ਫਹਿਮੀਆਂ ਵਿੱਚ ਰਹਿਣਾ ਸ਼ੌਕ ਦੇ ਸਕਦਾ ਹੈ ਜਦੋਂ ਕਿ ਭਾਰਤ ਹੌਲੀ-ਹੌਲੀ ਅਤੇ ਹਰ ਹਾਲਤ ਵਿੱਚ ਬੁਰੀ ਤੋਂ ਅਤਿ ਮਾੜੀ ਹਾਲਤ ਵੱਲ ਵੱਧ ਰਿਹਾ ਹੈ। ਉਪਰੋਕਤ ਕਾਰਨਾਂ ਕਰਕੇ, ਜੋ ਕਿ ਮੁਸਲਮ ਮਾਨਸਿਕਤਾ ਦੀ ਬਣਤਰ ਦਾ ਬਣਤਰ ਦਾ ਹਿੱਸਾ ਹਨ ਮੁਸਲਮਾਨ, ਹਿੰਦੂਆਂ ਨਾਲ ਏਸੇ ਕਿਸੇ ਸ਼ਰਤ ਸਮਝੌਤੇ ਉਤੇ ਸਹਿਮਤ ਨਹੀਂ ਹੋਣਗੇ ਜੋ ਉਨ੍ਹਾਂ ਨੂੰ ਹਿੰਦੂ ਅਤੇ ਦੂਜੀਆਂ ਘੱਟ ਗਿਣਤੀ ਕੌਮਾਂ ਉੱਤੇ ਹਾਵੀ ਹੋਣ ਵਿੱਚ ਸਹਾਇਕ ਨਾ ਹੋਵੇ ਜਾਂ ਹੋਰ ਲਾਭ ਨਾ ਦਿੰਦਾ ਹੋਵੇ। ਹਰੇਕ ਸਮਝੌਤਾ ਉਸ ਸਮੇਂ ਟੁੱਟ ਜਾਵੇਗਾ ਜਦੋਂ ਮੁਸਲਮਾਨਾਂ ਨੂੰ ਪਤਾ ਚੱਲੇਗਾ ਕਿ ਇਹ ਉਨ੍ਹਾਂ ਦੇ ਹਿੱਤਾਂ ਵਿੱਚ ਨਹੀਂ ਹੈ ਅਤੇ ਘਾਟੇ ਦਾ ਸੌਦਾ ਹੈ। ਅਜਿਹੇ ਸਮਝੌਤੇ ਦੀ ਕੀਮਤ ਉਸ ਕਾਗਜ਼ ਤੋਂ ਵੱਧ ਨਹੀਂ ਹੋਵੇਗੀ ਜਿਸ ਉਤੇ ਇਹ ਲਿਖਿਆ ਗਿਆ ਹੋਵੇਗਾ। ਇਹ ਪੱਕਾ ਹੈ ਕਿ ਨਹਿਰੂ ਰਿਪੋਰਟ ਨਾ ਹੀ ਅਸਲ ਦੇਸ਼-ਭਗਤੀ ਅਤੇ ਨਾ ਅਸਲ ਰਾਸ਼ਟਰਵਾਦ ਉਤੇ ਆਧਾਰਤ ਹੈ। ਜਿਸ ਵਿੱਚ ਇੱਕ ਕੌਮ ਉਭਰਦੇ ਜੋਸ਼ ਨਾਲ ਇੱਕ ਵੱਡੇ ਰਾਸ਼ਟਰ ਵਿੱਚ ਜਜ਼ਬ ਹੋ ਜਾਂਦੀ ਹੈ।

ਹੁਣ ਹਿੰਦੂਆਂ ਤੇ ਆਉਂਦੇ ਹਾਂ। ਇਹ ਮੁਸਲਮਾਨਾਂ ਦਾ ਅੜੀਅਲ ਪਰ ਡਰਾਕਲ ਦੁਸ਼ਮਣ ਹੈ। ਇਹ ਮੁਸਲਮਾਨਾਂ ਉਤੇ ਵਿਸ਼ਵਾਸ਼ ਨਹੀਂ ਕਰਦਾ ਅਤੇ ਦਿਲ ਦੇ ਧੁਰ ਅੰਦਰੋਂ ਮੁਸਲਮਾਨਾਂ ਨੂੰ ਗੰਦਾ, ਅਸ਼ਲੀਲ, ਗਾਂ-ਖਾਣ ਵਾਲਾ ਧੋਖੇਬਾਜ਼ ਗੰਵਾਰ, ਦੁਸ਼ਟ ਅਤੇ ਹਰੇਕ ਤਰ੍ਹਾਂ ਦੀ ਤਾਨਸ਼ਾਹੀ, ਲੁੱਟਮਾਰ ਅਤੇ ਜ਼ੁਲਮ ਕਰਨ ਦੇ ਕਾਬਲ ਸਮਝਦਾ ਹੈ। ਹਿੰਦੂ ਆਪਣੇ ਸਭਿਆਚਾਰ ਅਤੇ ਜਾਤ ਦੇ ਦੂਜੇ ਹੋਰ ਮਨੁੱਖੀ ਸੰਗਠਨਾਂ ਅਤੇ ਢਾਂਚਿਆਂ ਤੋਂ ਉਤਮ ਹੋਣ ਵਿੱਚ ਵਿਸ਼ਵਾਸ ਰੱਖਦਾ ਹੈ। ਉਸ ਅਨੁਸਾਰ ਉਹ ਇਕੱਲਾ ਹੀ ਪਾਕ-ਪਵਿੱਤਰ ਹੈ। ਹਿੰਦੂਆਂ ਵਿੱਚ ਇਸ ਤਰ੍ਹਾਂ ਦੀਆਂ ਭਾਵਨਾਵਾਂ ਹੋਣ ਦੇ ਕਾਰਨ, ਇਨ੍ਹਾਂ ਵਿੱਚ ਦੇਸ਼ ਭਗਤੀ ਦੀ ਉਹ ਉਤਮ ਭਾਵਨਾ ਪੈਦਾ ਨਹੀਂ ਹੋ ਸਕੀ। ਜਿਸਨੇ ਪੱਛਮ ਵਿੱਚ ਅਜ਼ਾਦੀ ਅਤੇ ਤਰੱਕੀ ਦੇ ਖੇਤਰ ਵਿੱਚ ਕੌਮਾਂ ਦੀ ਕਿਸਮਤ ਬਦਲ ਦਿੱਤੀ ਹੈ।

ਭਾਵੇਂ ਇਹ ਇਕ ਦੂਜੇ ਨਾਲ ਦੋਸਤੀ, ਰਾਜਸੀ ਤੇ ਸਮਾਜਿਕ ਸਾਂਝ ਦਾ ਪ੍ਰਚਾਰ ਕਰਨ ਪਰ ਅਸਲ ਵਿਚ ਇਹ ਮਾਨਸਿਕਤਾਵਾਂ ਇਕ ਦੂਜੇ ਦੇ ਖਿਲਾਫ ਖੰਜਰ ਲਈ ਖੜ੍ਹੀਆਂ ਹਨ। ਇੱਕ ਪਾਸੇ, ਇਕੋ ਧਰਮ, ਸਿਧਾਂਤ ਅਤੇ ਜਾਤ ਉਤੇ ਅਧਾਰਤ ਲੋਕ ਹਨ ਜੋ ਹਮਲਾਵਰ, ਦੁਬੰਗ ਅਤੇ ਬਦਲਾ ਲਉ ਮਾਨਸਿਕਤਾ ਦੇ ਮਾਲਕ ਹਨ ਅਤੇ ਇਕ ਸਾਮਰਾਜ ਸਿਰਜ ਕੇ ਅੱਗੇ ਵੱਧਣਾ ਜਿਨ੍ਹਾਂ ਦਾ ਸੁਪਨਾ ਹੈ। ਦੂਜੇ ਪਾਸੇ ਸਵੈ-ਕੇਂਦਰਿਤ ਪਿਛਾਂਹ ਖਿਚੂ, ਭਿੰਨ-ਭੇਦ, ਰੂੜੀਵਾਦੀ, ਅਤਿ-ਨਿਜਵਾਦੀ, ਉਦਾਸੀਨ, ਪਾਟੋ-ਧਾੜ ਵਿੱਚ ਗ੍ਰਸਤ ਅਤੇ ਪੈਸੇ ਦੇ ਪੁਤ ਹਨ ਜੋ ਸਦੀਆਂ ਤੱਕ ਗੁਲਾਮ ਰਹਿ ਕੇ ਸੰਤੁਸ਼ਟ ਰਹੇ ਹਨ। ਹਿੰਦੂ ਹਾਲਾਂ ਤਕ ਸਮਾਜਕ ਵਿਵਸਥਾ ਲਈ ਆਪਣੇ ਪੁਰਾਣੇ ਗ੍ਰੰਥਾਂ ਦੇ ਨਿਯਮਾਂ ਵੱਲ ਸੰਕੇਤ ਕਰਦੇ ਹਨ। ਜਿਨ੍ਹਾਂ ਵਿਚੋਂ ਸੰਕੇਤ ਕਰਦੇ ਹਨ ਉਨ੍ਹਾਂ ਵਿਚੋਂ ਕੋਈ ਨਿਯਮ ਪ੍ਰਾਪਤ ਨਹੀਂ ਹੁੰਦੇ। ਇਨ੍ਹਾਂ ਨੇ ਆਪਣੀਆਂ ਲੜਕੀਆਂ ਦੀ ਵਿਆਹਯੋਗ ਉਮਰ ਹਾਲਾਂ ਤਕ ਨਹੀਂ ਵਧਾਈ ਹੈ। ਇਹ ਆਪਣੀ ਬਚਪਨ ਵਿਚ ਵਿਧਵਾ ਹੋਈ ਕੁੜੀ ਦਾ ਦੁਬਾਰਾ ਵਿਆਹ ਨਹੀਂ ਕਰਦੇ। ਇਨ੍ਹਾਂ ਨੇ ਜਾਤ-ਪਾਤ ਅਤੇ ਅੰਧਵਿਸ਼ਵਾਸ ਹਾਲਾਂ ਤਕ ਨਹੀਂ ਛੱਡੇ ਹਨ। ਇਹ ਨਿਰਾਸ਼ਾਜਨਕ ਹੱਦ ਤੱਕ ਬੀਤੇ ਨਾਲ ਜੁੜੇ ਹੋਏ ਹਨ ਜਿਵੇਂ ਰੂਸੀ ਕਿਸਾਨ “ਰੋਸ਼ਨ ਕੈਥੋਲਿਕ ਚਰਚ” ਦੇ ਅੰਧਵਿਸ਼ਵਾਸਾਂ ਨਾਲ ਬੰਨ੍ਹੇ ਹੋਏ ਹਨ। ਡਾ. ਜੇਮਜ ਕਜਿਨਜ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰਲੇ ਅਨੰਤ ਅੰਤਰ ਨੂੰ ਹਿੰਦੂ ਧੋਤੀ ਅਤੇ ਮੁਸਲਮ ਪਜਾਮਾ ਪਹਿਨਣ ਦੇ ਢੰਗ ਨਾਲ ਦਰਸਾਇਆ ਹੈ।

ਤਾਨਸੇਨ- ਮਹਾਰਾਜ, ਇਹ ਗੀਤ ਬੜਾ ਤਰਸਪੂਰਨ ਹੈ ਤੇ ਹੋਵੇਗਾ ਕਿ ਅਕਬਰ ਦੀਆਂ ਲੱਤਾਂ ਨੇ ਉਸ ਲੰਬੀ ਸ਼ਾਨਦਾਰ, ਖੋਜਭਰਪੂਰ ਯਾਤਰਾ ਦੌਰਾਨ ਉਸ ਦੇ ਪੈਰਾਂ ਨਾਲ ਗ਼ਦਾਰੀ ਕੀਤੀ। ਘੰਟਾ ਪਹਿਲਾਂ ਮੈਂ ਮੁਸਲਮ ਮਰਿਆ ਅਤੇ ਹਿੰਦੂ ਜੰਮਿਆ ਸਾਂ ਪਰ ਤੁਸੀ ਜਨਮ ਦਰ ਜਨਮ ਮੁਸਲਮਾਨ ਬਣ ਕੇ ਅਤੇ ਲੰਗੋਟੀ ਲਾ ਕੇ ਅੱਧ ਵਿਚਕਾਰ ਲਟਕ ਰਹੇ ਹੋ।

ਅਕਬਰ- ਮੈਂ ਹਿੰਦੂਆਂ ਨੂੰ ਪਜਾਮਿਆਂ ਵਿੱਚ ਦੇਖਿਆ ਹੈ।

ਤਾਨਸੇਨ- ਸੱਚ ਹੈ, ਪਰ ਇਸ ਤੱਥ ਤੋਂ ਕੁੱਝ ਡੂੰਘਾਂ ਹੈ ਜਿਸਨੇ ਤੁਹਾਨੂੰ ਬਚਾਇਆ ਹੈ। ਮੁਸਲਾਮਾਨਾਂ ਦੀਆਂ ਲੱਤਾ ਤੋਂ ਪਜਾਮੇ ਲੈ ਕੇ ਉਨ੍ਹਾਂ ਨੂੰ ਹਿੰਦੂਆਂ ਦੇ ਪਹਿਨਾ ਦਿਉ ਤਾਂ ਉਹ ਕਿਸੇ ਬਾਹਰਲੀ ਦੂਜੀ ਨਸਲ ਦੇ ਲੋਕ ਲੱਗਣਗੇ। ਵਿਸ਼ਵਾਸ ਤੋਂ ਭਟਕੇ ਹੋ ਨਹੀਂ, ਕਮਰ ਤੱਕ ਖਤਰੇ ਨੂੰ ਬਹੁਤਾ ਲਟਕਾਇਆ ਨਹੀਂ ਜਾ ਸਕਦਾ। ਇਹ ਕਪੜਾ ਲਉ ਅਤੇ ਜਲਦੀ ਪੁਨਰਜਨਮ ਲੈ ਲਉ।

ਅਕਬਰ- ਜੇ ਮੇਰੇ ਅੰਗ ਹਿੰਦੂਆਂ ਦੀ ਨਕਲ ਕਰਦੇ, ਜਿਸ ਕੁਸ਼ਲਤਾ ਨਾਲ ਤੇਰੀ ਜੀਭ ਤੇਰੀ ਭਾਸ਼ਾ ਨਾਲ ਮੁਕਾਬਲਾ ਕਰ ਰਹੀ ਹੈ ਤਾਂ ਮੈਨੂੰ ਡਰ ਸੀ ਕਿ ਮੈਂ ਨਰਕ ਜਿਸਦੀ ਅਸੀਂ ਕਲਪਨਾ ਕਰਦੇ ਹਾਂ, ਵਿੱਚ ਗੁਆਚ ਚੁੱਕਾ ਹੁੰਦਾ। ਫਿਰ ਮੈਂ ਨਕਾਬ ਲਾਹਿਆ, ਅਤੇ ਮੁਸਲਮ ਦਲਦਲ ਵਿੱਚ ਫਸਣ ਨਾਲੋਂ ਹਿੰਦੂ ‘ਧੋਤੀ ਪਹਿਨਣਾ ਚੁਣ ਲਿਆ (ਉਹਨੇ ਹਿੰਦੂ ਧੋਤੀ ਪਹਿਨ ਲਈ)’

ਤਾਨਸੇਨ- ਠੀਕ, ਘੱਟੋ-ਘੱਟ ਤੁਹਾਡਾ ਜੋਖਮ ਢੱਕਿਆ ਗਿਆ ਹੈ।

ਹੁਣ ਮਹੱਤਪੂਰਨ ਨਵੀਆਂ ਸਿਰਜੀਆਂ ਗਈਆਂ ਕੌਮਾਂ ਵਿਚੋਂ ਸਿੱਖਾਂ ਉਤੇ ਆਉਂਦੇ ਹਾਂ। ਇਹ ਸਾਰੀਆਂ ਘੱਟਗਿਣਤੀਆਂ ਆਪਣੀ-ਆਪਣੀ ਦਿਸ਼ਾ ਵੱਲ ਖਿੱਚ ਪਾ ਰਹੀਆਂ ਹਨ ਕਿਉਂਕਿ ਹਰ ਇਕ, ਇਕ ਨਵੀਂ ਜ਼ਿੰਦਗੀ ਅਤੇ ਨਵੇਂ ਵਿਸ਼ਵਾਸ ਰੱਖਦੀਆਂ ਹਨ ਉਸ ਵਿਸ਼ਵਾਸ ਨੂੰ ਇਹ ਹਿੰਦੂ ਮੁੱਢ ਤੋਂ ਕੱਟ ਕੇ ਆਪਣੇ ਆਪ ਨੂੰ ਬਚਾਉਣਾ ਚਾਹੁੰਦੀਆਂ ਹਨ। ਜੇ ਇਹ ਮੁੱਢ ਬੇਰੋਕ-ਟੋਕ ਵਧਦਾ ਜਾਵੇਗਾ ਤਾਂ ਨਵੀਂ ਲਗਾਈ ਗਈ ‘ਕਲਮ’ (ਘਰਓਡਟ) ਦਾ ਸੋਹਣਾਪਨ ਅਤੇ ਜੀਵਨ ਚਲਾ ਜਾਵੇਗਾ। ਉਦਾਹਰਨ ਲਈ, ਸਿੱਖ ਦਸ ਗੁਰੂਆਂ ਦੀਆਂ ਸਿੱਖਿਆਵਾਂ ਵਿੱਚ ਵਿਸ਼ਵਾਸ ਕਰਦੇ ਹਨ। ਸਿੱਖਾਂ ਦਾ ਭੂਤਕਾਲ ਗੁਰੂ ਨਾਨਕ ਦੇਵ ਜੀ

ਤੋਂ ਸ਼ੁਰੂ ਹੁੰਦਾ ਹੈ। ਅਤੇ ਇਨ੍ਹਾਂ ਦਾ ਭਵਿੱਖ ਇਨ੍ਹਾਂ ਦੇ ਆਦਰਸ਼ਾਂ ਦੀ ਤਰੱਕੀ ਵਿੱਚ ਨਿਹਿਤ ਹੈ। ਗੁਰੂਆਂ ਨੇ ਹਿੰਦੂਆਂ ਦੇ ਮਰ ਚੁੱਕੇ ਸਮੂਹ ਵਿਚੋਂ ਇੱਕ ਹਿੱਸਾ ਕੱਟ ਕੇ ਇਸ ਵਿੱਚ ਇੱਕ ਨਵਾਂ ਜੀਵਨ ਭਰ ਦਿੱਤਾ ਸੀ। ਉਨ੍ਹਾਂ ਨੇ ਟੁੱਟ-ਭੱਜ ਚੁੱਕੇ ਲੋਕਾਂ, ਜਿਨ੍ਹਾਂ ਨੂੰ ਹਿੰਦੂ ਕਹਿੰਦੇ ਸਨ ਅਤੇ ਜੋ ਬ੍ਰਾਹਮਣਵਾਦ ਦੀ ਅਜੀਬੋ-ਗਰੀਬ ਧਰਮ-ਸ਼ਾਸਤਰੀ ਤਾਨਾਸ਼ਾਹੀ ਦੀ ਜਟਿਲ ਸ਼ਾਜਿਸ਼ ਦੇ ਸਵੈ-ਸੰਮੋਹਿਤ ਗੁਲਾਮ ਹਨ, ਵਿਚੋਂ ਸਿੱਖਾਂ ਨੂੰ ਅਲੱਗ ਕੀਤਾ। ਸਿੱਖ ਗੁਰੂਆਂ ਨੇ ਡਰ ਨਾਲ ਘਬਰਾਈ ਹੋਈ ਭੀੜ ਵਿਚੋਂ ਇੱਕ ਉੱਤਮ, ਜਾਨਦਾਰ ਕੌਮ ਦਾ ਨਿਰਮਾਣ ਕੀਤਾ। ਸਾਰੇ ਇਤਿਹਾਸਕਾਰ ਗੁਰੂਆਂ ਦੇ ਇਸ ਮਹਾਨ ਪ੍ਰਯੋਗ ਦੀ ਮਹਾਨਤਾ ਨੂੰ ਮੰਨਦੇ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਉਸ ਕਾਰਨਾਮੇ ਦੀ ਪ੍ਰਸ਼ੰਸਾ ਕਰਦੇ ਹਨ ਜਿਸ ਨਾਲ ਉਨ੍ਹਾਂ ਨੇ ਜਪਾਨ ਦੀ ਬੁਸ਼ੀਡੋ (ਭੁਸਹਦਿੋ) ਕੌਮ ਵਰਗੀ ਸਪਿਰਟ ਸਿੱਖਾਂ ਵਿੱਚ ਭਰ ਦਿੱਤੀ ਸੀ। ਗੁਰੂ ਸਾਹਿਬਾਨਾਂ ਨੇ ਸਿੱਖਾਂ ਨੂੰ ਮਰ ਚੁੱਕੇ ਲੋਕਾਂ ਦੇ ਢੇਰ ਵਿੱਚੋਂ ਅਲੱਗ ਕੀਤਾ ਸੀ। ਸਿੱਖ ਲੰਬੇ ਕੇਸ ਰੱਖਦੇ ਅਤੇ ਕਿਰਪਾਨ ਪਹਿਨਦੇ ਹਨ। ਭਾਵੇਂ ਅਜੋਕੇ ਆਧੁਨਿਕਵਾਦੀਆਂ ਲਈ ਇਹ ਚਿੰਨ੍ਹ ਬੇਤੁਕੇ ਹੋਣਗੇ, ਪਰ ਭਾਰਤ ਦੀਆਂ ਸਥਾਨਕ ਸਮਾਜਕ ਹਾਲਤਾਂ ਅਤੇ ਮਾਹੌਲ ਦੇ ਸੰਦਰਭ ਵਿੱਚ ਇਹ ਅਤਿ-ਪ੍ਰਤਿਭਾਵਾਨ ਮਨੁੱਖ ਦੇ ਕੰਮਾਂ ਦਾ ਫਲ ਹਨ ਅਤੇ ਇਨ੍ਹਾਂ ਬੇਤੁੱਕੀਆਂ ਚੀਜ਼ਾਂ (ਕੇਸਾਂ ਅਤੇ ਦਾਹੜੀ ਵਰਗੀਆਂ) ਦੇ ਥੱਲੇ ਇੱਕ ਪੂਰੇ ਰਾਸ਼ਟਰ ਦੀ ਜ਼ਿੰਦਗੀ ਲੁਕੀ ਹੋਈ ਹੈ, ਜਿਵੇਂ ਕੁਦਰਤ ਨੇ ਮੁਲਾਇਮ ਰੂੰ ਵਰਗੇ ਬੱਦਲਾਂ ਥੱਲੇ ਕੜਕਦੀ ਬਿਜਲੀ ਲੁਕਾ ਛੱਡੀ ਹੈ। ਹਿੰਦੂ ਇਸ ਕਾਰਜ ਨੂੰ ਆਪਣੇ ਵਿਰੁੱਧ ਚਿਤਵਦੇ ਹਨ। ਗੁਰੂ ਨੇ ਹਿੰਦੂਆਂ ਨੂੰ ਉਦੋਂ ਤਕ ਮਰੇ ਹੋਏ ਘੋਸ਼ਿਤ ਕੀਤਾ ਹੋਇਆ ਹੈ ਜਦੋਂ ਤਕ ਇਹ ਆਪਣੀ ਮੁਕਤੀ ਲਈ ਖਾਲਸਾ ਪੰਥ ਵਿੱਚ ਸ਼ਾਮਲ ਨਹੀਂ ਹੋ ਜਾਂਦੇ। ਹਿੰਦੂ ਉਨ੍ਹਾਂ ਜਾਤ-ਪਾਤ ਪ੍ਰਤੀ ਕੀਤੀਆਂ ਵਿਹਾਰਕ ਅਲੋਚਨਾਵਾਂ ਨੂੰ ਸਹਿਣ ਨਹੀਂ ਕਰਦੇ ਜਿਹੜੀਆਂ ਗੁਰੂ ਨੇ ਪੰਜਾਬ ਦੇ ਲੋਕਾਂ ਵਿੱਚ ਇੱਕ ਤਾਜਗੀ ਭਰਿਆ ਜੋਸ਼ ਭਰਨ ਸਮੇਂ ਪ੍ਰਤੀਘਾਤੀ ਤੌਰ ਉਤੇ ਕੀਤੀਆਂ ਸਨ। ਹਿੰਦੂਆਂ ਨੇ ਬੁੱਧ ਧਰਮ ਨੂੰ ਮੰਨਣ ਤੋਂ ਇਨਕਾਰ ਕੀਤਾ ਹੈ ਅਤੇ ਹੁਣ ਸਿੱਖ ਧਰਮ ਨੂੰ ਕਤਲ ਕਰ ਦੇਣਾ ਚਾਹੁੰਦੇ ਹਨ ਕਿਉਂਕਿ ਦੋਵੇਂ ਸਿਸਟਮ 'ਪਿਆਰ ਭਰੇ ਧਰਮ ਦਾ ਚੋਲਾ ਪਾ ਕੇ ਕਾਰਜਸ਼ੀਲ ਹਿੰਦੂ ਤਾਨਾਸ਼ਾਹੀ' ਨੂੰ ਨਿੰਦਦੇ ਹਨ। ਹਿੰਦੂਆਂ ਵਲੋਂ ਮਾਰੀਆਂ ਗਈਆਂ ਕੁਝ ਸੱਟਾਂ ਦਸਦੀਆਂ ਹਨ ਕਿ ਹਵਾ ਕਿਸ ਦਿਸ਼ਾ ਵਿਚ ਵਗੇਗੀ। ਮਹਾਮਤਾ ਗਾਂਧੀ ਨੇ ਕੇਸ ਰੱਖਣ ਦੇ ਵਿਰੋਧ ਵਿੱਚ ਪ੍ਰਚਾਰ ਕੀਤਾ ਹੈ, ਉਹ ਸਿੱਖ ਜਿੱਤਾਂ ਦੇ ਨਾਅਰਿਆਂ ਨੂੰ ਨਿੰਦਦਾ ਹੈ ਅਤੇ ਇਨ੍ਹਾਂ ਨੂੰ ਦੇਸ਼ ਵਿਰੋਧੀ ਦੱਸਦਾ ਹੈ ਜਿਨ੍ਹਾਂ ਨਾਲ ਸਿੱਖਾਂ ਨੇ ਮੁਗਲ ਤਾਨਾਸ਼ਾਹੀ ਦਾ ਹੁਲੀਆ ਵਿਗਾੜ ਦਿੱਤਾ ਸੀ ਅਤੇ ਇੱਕ ਅਜਾਦ ਕੌਮ ਬਣ ਗਏ ਸਨ। ਸਿੱਖ ਮਰ ਜਾਣਗੇ ਜੇ ਉਨ੍ਹਾਂ ਕੇਸ ਕਟਾ ਕੇ ਹਿੰਦੂ ਸ਼ਕਲ ਬਣਾ ਲਈ। ਨਹਿਰੂ ਸੰਵਿਧਾਨ ਵਿੱਚ ਸਿੱਖਾਂ ਲਈ ਦਿਖਾਈ ਗਈ ਕਿਰਪਾਲੂ ਬਿਰਤੀ, ਹਿੰਦੂ ਕਾਂਗਰਸ ਦੀ ਸਿੱਖਾਂ ਨੂੰ ਹਿੰਦੂਆਂ ਵਿੱਚ ਜਜ਼ਬ ਕਰ ਲੈਣ ਦੀ ਹੀ ਨੀਤੀ ਹੈ।

ਪਿਆਰੇ ਸਰ ਜੋਹਨ ਸਾਈਮਨ, ਉਧਰ ਜਾਦੂਗਰਨੀਆਂ ਨੇ ਆਪਣੇ ਕੜਾਹੇ ਅੱਗ ਉਤੇ ਧਰ ਲਏ ਹਨ ਅਤੇ ਇਹ ਮਸਲੇ ਉਦੋਂ ਤੱਕ ਹੱਲ ਨਹੀਂ ਹੋਣਗੇ ਜਦੋਂ ਤਕ ਜਾਦੂਗਰਨੀਆਂ ਦਾ ਕੜਾਹਾ ਉੱਬਲ ਰਿਹਾ ਹੈ ਅਤੇ ਜਾਦੂ-ਮੰਤਰ ਉਚਾਰੇ ਜਾ ਰਹੇ ਹਨ। ਸੇਕ ਵਧ ਰਿਹਾ ਹੈ ਅਤੇ ਇਸ ਵਿਚਕਾਰ ਫਿਰਕੂ ਤਣਾਉ ਅਤੇ ਉਤੇਜਤ ਧਾਰਨਾਵਾਂ ਦਾ ਘਾਤ ਅਤੇ ਪ੍ਰਤੀਘਾਤ ਹੋ ਰਿਹਾ ਹੈ। ਗੋਇਟੇ ਦੇ ਫਾਉਸਟ ਦੀ ਭਿਆਨਕ ਰਾਤਾਂ ਦੀ ਆਖਰੀ ਸਾਜ਼ਿਸ਼ ਤੁਸੀਂ ਭਾਰਤ ਵਿਚ ਦੇਖ ਲਈ ਹੈ। ਖੇਤੀ ਕਰਨ ਵਾਲਿਆਂ ਖਿਲਾਫ ਇਕ ਡਰਾਉਣੀ ਸਾਜ਼ਿਸ਼ ਰਚੀ ਜਾ ਰਹੀ ਹੈ। ਤੁਹਾਡੇ ਵਲੋਂ ਅਤੇ ਹੋਰਾਂ ਵਲੋਂ ਇਸ ਹਾਲਤ ਵਿਚੋਂ ਨਿਕਲਣ ਲਈ ਕੀ ਕੀਤਾ ਜਾ ਸਕਦਾ ਹੈ? ਭਾਰਤੀ ਬੁੱਧੀਜੀਵੀਆਂ ਉਤੇ ਬਾਈਬਲ ਦਾ ਉਹ ਸੱਚ ਲਾਗੂ ਹੁੰਦਾ ਹੈ ਕਿ "ਤੇਰੇ ਦੁਸ਼ਮਣ ਤੇਰੇ ਆਪਣੇ ਘਰ ਵਿਚ ਹੀ ਹੋਣਗੇ," ਇਹ ਆਪਣੇ ਆਪ ਨਾਲ ਧੋਖਾ ਕਰ ਰਹੇ ਹਨ ਜਦੋਂ ਇਹ ਕਲਪਣਾ ਕਰਦੇ ਹਨ ਕਿ ਉਹ ਭਾਰਤ ਦੇ ਗਰੀਬ ਲੋਕਾਂ ਦੇ ਰਾਖੇ ਹਨ-ਕਾਹਦੇ ਰਾਖੇ ਇਹ ਖਾਲੀ ਹੱਥੀਂ ਵਿਰੋਧ ਸੰਗਠਿਤ ਕਰਦੇ ਹਨ ਅਤੇ ਅੰਗਰੇਜ਼ਾਂ ਖਿਲਾਫ ਸਨਕੀ ਭੀੜ ਵਾਂਗ ਰੌਲਾ ਪਾਉਂਦੇ ਹਨ।

2. ਕੁੱਝ ਕਲਪਨਾਵਾਂ

ਮੈਨੂੰ ਇਨ੍ਹਾਂ ਜਾਦੂਗਰਨੀਆਂ ਦੇ ਆਹਮਣੇ ਸਾਹਮਣੇ ਕੁੱਝ ਕਲਪਨਾਵਾਂ ਵਿੱਚ ਬਹਿ ਜਾਣ ਦੀ ਆਗਿਆ ਦਿਉ ਤਾਂ ਕਿ ਅਚਾਨਕ ਆਰੇਬੀਅਨ ਨਾਈਟਸ (Arabian Nights) ਦਾ ਉੱਡਣ ਵਾਲਾ ਘੋੜਾ ਮੈਨੂੰ ਅਤੇ ਤੁਹਾਨੂੰ ਇਸ ਡਰਾਉਣੇ ਹਨੇਰੇ ਵਿਚੋਂ ਉਡਾ ਕੇ ਲੈ ਜਾਵੇ। ਕੁਦਰਤ ਅਜਿਹਾ ਬਜਰਪਾਤ ਕਰੇ ਕਿ ਇਸ ਮਹਾਂਦੀਪ ਨੂੰ ਛੋਟੇ-ਛੋਟੇ ਖੰਡਾਂ ਵਿੱਚ ਤੋੜ ਦੇਵੇ। ਕੀ ਇੰਜੀਨੀਅਰ ਕਿੰਨੀਆਂ ਹੀ ਪਨਾਮਾ ਨਹਿਰਾਂ ਨਾਲ ਇਸ ਨੂੰ ਵੰਡ ਸਕਦੇ ਹਨ। ਇਸ ਭੂਗੋਲਿਕ ਵੰਡ ਦੇ ਅਸਫਲ ਰਹਿਣ ਤੇ, ਕੀ ਭਾਰਤ ਨੂੰ ਕੁਝ ਐਸੀਆਂ ਮਿੱਤਰਤਾਪੂਰਨ ਪ੍ਰੈਜ਼ੀਡੈਂਸੀਆਂ (Presidencies) ਵਿਚ ਵੰਡਿਆ ਅਤੇ ਤੋੜਿਆ ਜਾ ਸਕਦਾ ਹੈ ਜਿਸ ਵਿੱਚ ਹਿੰਦੂ ਆਬਾਦੀ ਜੋ ਅਮਲ ਜਿੰਦਗੀ ਵਿਚ ਕਈ ਜਾਤਾਂ ਅਤੇ ਕੌਮਾਂ ਦਾ ਨਿਰਮਾਣ ਕਰਦੀ ਹੈ ਅਤੇ ਮੁਸਲਮਾਨਾਂ ਨੂੰ ਅੰਗਰੇਜ਼ਾਂ ਵਲੋਂ ਢਹਿ-ਢੇਰੀ ਕੀਤੇ ਰਾਸ਼ਟਰਾਂ ਨੂੰ ਰਾਜਨੀਤਕ ਤਾਕਤ ਦੀ ਵਿਹਾਰਕ ਵਰਤੋਂ ਦਾ ਦਾਨ ਕਰਨ ਦੀ ਨੀਤੀ ਦਾ ਪ੍ਰਯੋਗ ਕਰਕੇ, ਬਰਾਬਰ ਸੰਤੁਲਨ ਕਾਇਮ ਕੀਤਾ ਜਾ ਸਕੇ। ਮੈਂ ਇਹ ਸਲਾਹ ਅਸੰਭਵ ਨੂੰ ਸੰਭਵ ਬਣਾਉਣ ਲਈ ਦੇ ਰਿਹਾ ਹਾਂ। ਮੰਨ ਲਉ, ਗੁਜਰਾਤ ਕਾਠੀਆਵਾੜ, C.P. ਦਾ ਇੱਕ ਹਿੱਸਾ, ਸਿੰਧ, ਪੰਜਾਬ ਅਤੇ North West ਫਰੰਟੀਅਰ ਦੀ ਇਕ ਪ੍ਰੈਜ਼ੀਡੈਂਸ ਬਣਾ ਦਿੱਤੀ ਜਾਵੇ, ਬੰਬਈ ਦਾ ਇੱਕ ਹਿੱਸਾ ਮਦਰਾਸ ਨਾਲ ਜੋੜ ਕੇ ਦੂਜੀ ਪ੍ਰੈਜ਼ੀਡੈਂਸੀ ਬਣਾਈ ਜਾਵੇ ਅਤੇ ਮਦਰਾਸ ਦਾ ਅੱਧਾ ਹਿੱਸਾ ਬੰਗਾਲ ਨਾਲ ਗੰਢ ਕੇ ਤੀਜੀ ਪ੍ਰੇਜੀਡੈਂਸੀ ਬਣਾਈ ਜਾਵੇ, ਬਿਹਾਰ, ਉੱਤਰ ਪ੍ਰਦੇਸ਼ (U.P.) ਅਤੇ C.P. ਦਾ ਬੱਚਦਾ ਹਿੱਸਾ ਚੌਥੀ ਪ੍ਰੇਜੀਡੈਂਸੀ ਵਿਚ ਬਦਲ ਦਿੱਤਾ ਜਾਵੇ। ਹਿੰਦੂਆਂ ਨੂੰ ਇਸ ਵੰਡ ਵਿੱਚ ਕਈ ਕੌਮਾਂ ਦੇ ਸਮੂਹ ਵਾਂਗ ਦੇਖਿਆ ਜਾਣਾ ਚਾਹੀਦਾ ਹੈ, ਕਿਉਂਕਿ ਬ੍ਰਾਹਮਣ ਅਤੇ ਬ੍ਰਾਹਮਣ ਤੋਂ ਵੱਖਰੇ ਗਰੁੱਪਾਂ ਵਿਚ ਇੰਨਾ ਫਰਕ ਹੈ ਜਿੰਨਾ ਹਿੰਦੂ ਅਤੇ ਮੁਸਲਮਾਨ ਅਤੇ ਹਿੰਦੂ ਅਤੇ ਸਿੱਖਾਂ ਵਿਚਕਾਰ ਹੈ ਅਤੇ ਇਨ੍ਹਾਂ ਮਿੱਤਰਤਾਪੂਰਨ ਪ੍ਰੇਜੀਡੈਂਸੀਆਂ ਨੂੰ ਸੁਵਿਧਾ ਅਨੁਸਾਰ ਛੋਟੇ ਆਜ਼ਾਦ ਰਾਜਾਂ ਵਿੱਚ ਵੰਡਿਆ ਜਾਣਾ ਚਾਹੀਦਾ ਹੈ ਜੋ ਕਿ ਇੱਕ ਗਵਰਨਰ ਅਤੇ ਪ੍ਰੈਜ਼ੀਡੈਂਸੀਂ ਲੇਜਿਸਲੇਟਿਵ ਕੌਂਸਿਲ ਦੇ ਅਧੀਨ ਹੋਣ। ਛੋਟੇ ਸੂਬੇ ਭਾਵੇਂ ਮਹਿੰਗੇ ਸਾਬਤ ਹੋਣਗੇ ਪਰ ਦੂਜੇ ਪਾਸੇ ਜੇ ਵੱਡੀਆਂ ਪ੍ਰੇਜੀਡੈਂਸੀਆਂ ਨੂੰ ਛੋਟੇ ਸੂਬਿਆਂ ਵਿੱਚ ਨਾ ਵੰਡਿਆ ਗਿਆ ਤਾਂ ਇਹ ਨਿਆਂਪੂਰਵਕ ਪ੍ਰਸ਼ਾਸਨ ਲਈ ਬੋਝ ਸਾਬਤ ਹੋਣਗੀਆਂ। ਭਾਰਤ ਦੀ ਇਹ ਵੰਡ ਭਵਿੱਖ ਵਿੱਚ ਭਾਰਤ ਦੀ ਏਸ਼ੀਆ ਦੇ ਅਜ਼ਾਦ ਰਾਜਾਂ ਵਜੋਂ ਵੰਡ ਦੀ ਪ੍ਰਕ੍ਰਿਆ ਨੂੰ ਨਿਰਧਾਰਤ ਕਰੇਗੀ। ਨਹਿਰੂ ਕਮੇਟੀ ਨੇ ਤੁਹਾਨੂੰ ਭਾਰਤ ਉਨ੍ਹਾਂ ਨੂੰ ਸੌਂਪ ਦੇਣ ਲਈ ਕਿਹਾ ਹੈ। ਭਾਰਤ ਦੀ ਨਵੀਆਂ ਪ੍ਰੇਜੀਡੈਂਸੀਆਂ ਵਿੱਚ ਵੰਡ ਕਰਨ ਤੋਂ ਅਸਫਲ ਰਹਿਣ ਤੇ ਭਾਰਤ ਨੂੰ ਕਿਸ ਤਰਾਂ ਦੀ ਪਰਉਪਕਾਰੀ ਡਿਕਟੇਟਰਸ਼ਿਪ ਅਧੀਨ ਕਰ ਦੇਣਾ ਦੂਰ-ਅੰਦੇਸ਼ੀ ਨੀਤੀਵਾਨ ਦੀ ਮਹਾਨ ਪ੍ਰਾਪਤੀ ਹੋਵੇਗੀ।

ਸ਼ਾਇਦ, ਤੁਸੀਂ ਕਹੋਗੇ ਕਿ ਮੈਂ ਤੁਹਾਡਾ ਸਮਾਂ ਬਰਬਾਦ ਕਰ ਰਿਹਾ ਹਾਂ, ਮੈਨੂੰ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਤੁਸੀਂ ਅਤੇ ਤੁਹਾਡੇ ਮਿੱਤਰ ਜੇ ਸੰਵਿਧਾਨਕ ਵਕੀਲ ਹੁੰਦੇ ਹੋਏ ਪੰਡਿਤ ਮੋਤੀ ਲਾਲ ਨਹਿਰੂ ਅਤੇ ਉਸ ਵਰਗੇ ਬੰਦਿਆਂ ਵਾਂਗ ਇਸ ਭਾਰਤ ਜਿਥੇ ਜਾਦੂਗਰਨੀਆਂ ਦਾ ਕੜਾਹਾ ਉੱਬਲ ਰਿਹਾ ਹੈ ਲਈ ਸੰਵਿਧਾਨ ਲਿਖਦੇ ਹੋ ਤਾਂ ਤੁਸੀਂ ਬਰਾਬਰ ਸਮਾਂ ਬਰਬਾਦ ਕਰ ਰਹੇ ਹੋ। ਇਸ ਸਮੇਂ ਆਇਆ ਹਰੇਕ ਸੰਵਿਧਾਨ ਹਰ ਹਾਲਤ ਵਿੱਚ ਇੱਕ ਕੌਮ ਨੂੰ ਦੂਜੀਆਂ ਉਤੇ ਹਾਵੀ ਰੱਖੇਗਾ ਅਤੇ ਇਨ੍ਹਾਂ ਨੂੰ ਹਮੇਸ਼ਾ ਜੀਵਨ ਨੂੰ ਮੁਅੱਤਲ ਕਰ ਦੇਣ ਵਰਗੀਆਂ ਹਾਲਤਾਂ ਵਿੱਚ ਰੱਖਿਆ ਜਾਵੇਗਾ। ਇਸ ਸੰਵਿਧਾਨ ਅਧੀਨ ਹੋਣ ਵਾਲੀ ਸਾਰੀ ਤਰੱਕੀ ਇੱਕ-ਕੌਮੀ ਹੋਵੇਗੀ ਨਾ ਕਿ ਬਹੁ-ਕੌਮੀ। ਇਹ ਬਹੁ ਕੌਮੀ ਸ਼ਾਸ਼ਨ ਨਹੀਂ ਹੋਵੇਗਾ ਸਗੋਂ ਇਹ ਅਰਾਜਕਤਾ ਦਾ ਹੀ ਰੂਪ ਹੋਵੇਗਾ ਜਿਸ ਵਿੱਚ ਪ੍ਰਸ਼ਾਸਨ ਇੱਕ ਤਾਨਾਸ਼ਾਹ ਅਤੇ ਸੰਪਰਦਾਇਕ ਕੌਮ ਵਲੋਂ ਹੀ ਚਲਾਇਆ ਜਾਵੇਗਾ। ਪਸ਼ੂਆਂ ਵਰਗੇ ਝੁੰਡ ਅਤੇ ਇਸ ਦੀ ਵੋਟ ਦਾ ਕੋਈ ਮਤਲਬ ਨਹੀਂ ਹੁੰਦਾ। ਸਾਰਾ ਜਿਲਾ ਸਿਰਫ਼ ਕੁਝ ਅਫਸਰਾਂ ਵਲੋਂ ਚਲਾਇਆ ਜਾਵੇਗਾ। ਇੰਹ ਲੋਕਾਂ ਵਲੋਂ ਚੁਣੇ ਹੋਏ ਨਹੀਂ ਹੋਣਗੇ। ਇਹ ਅਸਲ ਤਾਨਾਸ਼ਾਹ ਹੋਣਗੇ, ਅਤੇ ਜੇ ਸੰਪਰਦਾਇਕ ਭੇਦ-ਭਾਵ ਨਾਲ ਸੇਵਾਵਾਂ ਨੂੰ ਦੂਸ਼ਿਤ ਕੀਤਾ ਗਿਆ ਤਾਂ ਸਿਰਫ਼ ਸਭ ਤੋਂ ਤਾਕਤਵਰ ਕੌਮ ਹੀ ਵਿਹਾਰਕ ਪ੍ਰਸ਼ਾਸਨ ਦੇ ਮਾਮਲੇ ਵਿੱਚ ਦੂਜਿਆਂ ਨੂੰ ਚਲਾਏਗੀ। ਜੇ ਹਿੰਦੂ ਕੁਰਸੀ ਉਤੇ ਬਹਿੰਦਾ ਹੈ ਤਾਂ ਮੁਸਲਮਾਨਾਂ ਨੂੰ ਦੁਖ ਦੇਵੇਗਾ ਅਤੇ ਜੇ ਮੁਸਲਮਾਨ ਤਾਕਤ ਵਿੱਚ ਹੋਣਗੇ

ਤਾਂ ਹਿੰਦੂ ਜਨਤਾ ਨੂੰ ਜ਼ਖਮੀ ਕਰਨਗੇ। ਨਹਿਰੂ ਕਮੇਟੀ ਨੇ ਜਿਹੜੇ ਪ੍ਰਤੀਨਿਧ ਲੇਜਿਸਲੇਟਿਵ ਢਾਂਚੇ ਅਤੇ ਸਿਸਟਮ ਦੀ ਰੂਪ ਰੇਖਾ ਤਿਆਰ ਕੀਤੀ ਹੈ, ਵਿੱਚ ਤਾਕਤ ਉੱਤੇ ਅਜਾਰੇਦਾਰੀ ਪ੍ਰਾਪਤ ਕਰਨ ਲਈ ਵੋਟਾਂ ਹਮੇਸ਼ਾ ਸੰਪਰਦਾਇਕ ਮਾਹੌਲ ਵਿੱਚ ਹੋਣਗੀਆਂ ਅਤੇ ਇਹ ਜਨਤਕ ਸੇਵਾਵਾਂ ਦਾ ਮਨੋਬਲ ਕਾਇਮ ਰੱਖਣ ਵਿੱਚ ਹਮੇਸ਼ਾਂ ਬੇਅਸਰ ਅਤੇ ਦੁਰਬਲ ਹੋਣਗੇ। ਵੋਟ ਅਧਿਕਾਰ ਦਾ ਮਤਲਬ ਸਿਰਫ਼ ਝੁੰਡ ਦੀ ਵੋਟ ਹੋਵੇਗਾ।

ਮੋਨਫੋਰਡ ਸੁਧਾਰਾਂ ਨੂੰ ਮਨਾ ਕੇ ਤੁਸੀਂ ਕੁਲੀਨਾਂ ਨੂੰ ਜਨਤਕ ਹਿੱਤਾਂ ਦੇ ਕੰਮਾਂ ਵਿੱਚ ਲਗਾਉਣ ਵਾਲੀਆਂ ਤਾਕਤਵਰ ਸੇਵਾਵਾਂ ਨੂੰ ਚਲਦਾ ਕਰ ਦਿੱਤਾ ਸੀ, ਜੋ ਭਾਵੇਂ ਜ਼ਿੰਮੇਵਾਰੀਹੀਣ ਤਾਨਾਸ਼ਾਹ ਵਰਗੀਆਂ ਸਨ ਪਰ ਇਨ੍ਹਾਂ ਵਿੱਚ ਪਰਉਪਕਾਰ ਦੀ ਭਾਵਨਾ ਮੌਜੂਦ ਸੀ। ਸੁਧਾਰਾਂ ਤੋਂ ਬਾਅਦ, ਭਾਰਤ ਬੇਮਾਲਕੀ ਧਰਤੀ ਵਾਂਗ ਸੀ, ਪ੍ਰਸ਼ਾਸ਼ਨ ਦੀ ਕੀਮਤ ਵੱਧ ਗਈ ਸੀ ਅਤੇ ਸੇਵਾ ਦੀ ਭਾਵਨਾ ਦਾ ਨੈਤਿਕ ਪਤਨ ਹੋ ਗਿਆ ਸੀ। ਬੀਤੇ ਨੂੰ ਵਾਪਸ ਨਹੀਂ ਲਿਆਂਦਾ ਜਾ ਸਕਦਾ ਅਤੇ ਨਾ ਹੀ ਭਵਿੱਖ ਦਾ ਪੱਕਾ-ਪੱਕਾ ਵਿਸ਼ਵਾਸ ਹੁੰਦਾ ਹੈ, ਇਹ ਤੁਹਾਡੇ ਚਾਹੁਣ ਅਨੁਸਾਰ ਹੋਵੇਗਾ ਅਤੇ ਨਾ ਉਨ੍ਹਾਂ ਦੀ ਇੱਛਾ ਅਨੁਸਾਰ। ਸਰਕਾਰ ਦੀਆਂ ਕੀਮਤਾਂ ਦੀ ਦੇਖ-ਭਾਲ ਕਰਨਾ, ਉਦਾਹਰਨ ਲਈ ਕਿਸੇ ਦਾ ਵੀ ਕੰਮ ਨਹੀਂ ਸੀ।

ਤੁਸੀਂ ਸਾਨੂੰ ਸਿਖਾਉਣ ਦੀ ਪਿਛਲੇ ਸੌ ਸਾਲਾਂ ਤੋਂ ਕੋਸ਼ਿਸ਼ ਕਰ ਰਹੇ ਹੋ ਅਤੇ ਤੁਹਾਡੇ ਕਹਿਣ ਅਨੁਸਾਰ ਸਾਨੂੰ ਅਜ਼ਾਦ ਰਾਜ ਬਣਾਉਣ ਦੀ ਕੋਸ਼ਿਸ਼ ਵੀ ਕਰ ਰਹੇ ਹੋ ਪਰ ਤੁਹਾਡੀਆਂ ਇਛਾਵਾਂ ਦੇ ਬਾਵਜੂਦ ਅਸੀਂ ਅਫਗਾਨਾਂ ਵਾਂਗ ਜੋ ਸਾਡੇ ਤੋਂ ਵੀ ਘੱਟ ਸੱਭਿਅਕ ਹਨ, ਇੱਕ ਰਾਸ਼ਟਰ ਨਹੀਂ ਬਣ ਸਕੇ। ਅਸੀਂ ਉਨ੍ਹਾਂ ਔਰਤਾਂ ਵਰਗੇ ਹਾਂ ਜੋ ਆਪਣੀਆਂ ਬਾਹਾਂ ਵਿੱਚ ਵੰਗਾਂ ਲਟਕਾ ਕੇ ਸੋਹਣੀਆਂ ਬਨਣ ਦਾ ਯਤਨ ਕਰਦੀਆਂ ਹਨ। ਅਮਰੀਕਾ ਨੇ ਤੁਹਾਡੀ ਚਾਹ ਸਮੁੰਦਰ ਵਿੱਚ ਸੁੱਟ ਦਿੱਤੀ ਸੀ ਅਤੇ ਫਿਰ ਵਾਸ਼ਿੰਗਟਨ ਨੇ ਆਪਣੇ ਅਧੀਨ ਆਪਣੇ ਸੰਵਿਧਾਨ ਦੀ ਸਿਰਜਣਾ ਕੀਤੀ ਸੀ। ਹਰ ਕੋਈ ਅਬਰਾਹਮ ਲਿੰਕਨ ਦੀ ਉਹ ਵੱਡੀ ਰਾਜਨੀਤਕ ਕਹਾਵਤ “ਲੋਕਾਂ ਦੀ ਲੋਕਾਂ ਵਲੋਂ ਅਤੇ ਲੋਕਾਂ ਲਈ ਸਰਕਾਰ” ਦੀ ਘੋਸ਼ਣਾ ਨੂੰ ਸਮਝਦਾ ਹੈ। ਇਹ ਇੱਕ ਤਰ੍ਹਾਂ ਦਾ ਸੱਭਿਆਚਾਰ ਸੀ ਜੋ ਬੇਚੈਨੀ ਨਾਲ ਵਧਿਆ ਸੀ ਅਤੇ ਜੋ ਅਜ਼ਾਦੀ ਲਈ ਪ੍ਰਭਾਵਸ਼ਾਲੀ ਤਰੀਕੇ ਨਾਲ ਬੇਚੈਨ ਸੀ। ਪਰ ਇੱਕ ਸਿਖਿਅਤ ਨੀਤੀਵਾਨ, ਗਾਂਧੀ ਅਤੇ ਮੋਤੀ ਲਾਲ ਨਹਿਰੂ ਦੀ ਦੁਰਬਲਤਾ ਉਤੇ ਮਨ ਹੀ ਮਨ ਹੱਸੇਗਾ, ਜੋ ਇਸ ਧਰਤੀ ਉਤੇ ਅਜਾਦ ਮਨੁੱਖੀ ਸੁਭਾਅ ਸਿਰਜਣ ਲਈ ਲੋਕਾਂ ਵਿਚਲੇ ਜ਼ਰੂਰੀ ਮਾਦੇ ਤੋਂ ਬਿਨਾਂ ਹੀ ਅਬਰਾਹਮ ਲਿੰਕਨ ਬਨਣਾ ਚਾਹੁੰਦੇ ਹਨ। ਭਾਰਤ ਜਿਹੇ ਪੂਰੇ ਦੇਸ਼ ਵਿੱਚ ਇੱਕ ਵੀ ਅਮਾਨਉੱਲਾ ਅਤੇ ਕਮਾਲ ਪਾਸ਼ਾ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਤੁਸੀਂ ਪੂਰਾ ਸੌ ਸਾਲ ਸਾਨੂੰ ਸਿਖਾਉਣ ਲਈ ਲਗਾ ਦਿੱਤਾ ਹੈ ਪਰ ਇਸ ਵੱਡੇ ਅਤੇ ਉਦਾਸ ਕਰ ਦੇਣ ਵਾਲੇ ਬੌਧਿਕ ਦੁਖਾਂਤ ਵਲ ਦੇਖੋ। ਸਿੱਖਿਆ ਦੀ ਇਹ ਮੂਲਭੂਤ ਮੁਸ਼ਕਲ ਜਿਸਨੂੰ ਤੁਸੀਂ ਆਪਣੇ ਹੱਥਾਂ ਵਿੱਚ ਲਿਆ ਹੋਇਆ ਹੈ, ਢਾਂਚਿਆ ਨਾਲ ਨਹੀਂ ਸਗੋਂ ਬੰਦਿਆ ਨਾਲ ਹੱਲ ਹੋ ਸਕਦੀ ਹੈ।

ਜੇ ਤੁਸੀਂ ਸਚਮੁੱਚ ਭਾਰਤ ਨੂੰ ਅਜ਼ਾਦੀ ਜਾਂ ਡੋਮੀਨੀਅਨ ਰੁਤਬਾ ਦੇਣਾ ਚਾਹੁੰਦੇ ਹੋ ਤਾਂ ਵਿਹਾਰਕ ਤੌਰ ’ਤੇ ਇਥੇ ਇਸ ਤੋਂ ਭਾਵ ਖਾਲੀ ਅਜ਼ਾਦੀ ਅਤੇ ਇੰਗਲੈਂਡ ਅੱਗੇ ਸ਼ਿਸ਼ਟਤਾ ਨਾਲ ਸਿਰ ਝੁਕਾਉਣ ਹੋਵੇਗਾ, ਮੈਂ ਕਹਿੰਦਾ ਹਾਂ, ਭਾਰਤ ਦੇ ਗਰੀਬ ਲੋਕਾਂ ਨੂੰ ਸੰਵਿਧਾਨ, ਜੋ ਇਨ੍ਹਾਂ ਦੇ ਅਧਿਕਾਰਾਂ ਨੂੰ ਪਰਿਭਾਸ਼ਤ ਕਰਦਾ ਹੋਵੇ, ਦੀ ਲੋੜ ਨਹੀਂ ਹੈ। ਇਹ ਚੀਜ਼ਾਂ ਬਾਅਦ ਵਿੱਚ ਆਉਂਣੀਆਂ ਚਾਹੀਦੀਆਂ ਹਨ ਪਰ ਪਹਿਲਾਂ ਸਾਰੇ ਭਾਰਤ ਦੀ ਕੀਮਤ ਉਤੇ ਪੰਜਾਬ ਸੂਬੇ ਵਿੱਚ ਇੱਕ ਅਸਲ ਡਿਕਟੇਟਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ। ਪ੍ਰਸੰਗਵਸ ਤੁਸੀਂ ਦੇਖੋਗੇ ਕਿ ਦੂਜੇ ਸੂਬੇ ਪੰਜਾਬ ਵਿਚਲੇ ਆਪਣੇ ਭਰਾਵਾਂ ਦੀ ਤਰੱਕੀ ਲਈ ਇਸ ਅਜੀਬ ਕੇਂਦਰੀ ਵਿਵਸਥਾ ਨੂੰ ਕਿੰਝ ਖੁਸ਼ੀ ਨਾਲ ਸਹਿਣ ਕਰਦੇ ਹਨ। ਜੇ ਇਸ ਤਰਾਂ ਨਹੀਂ ਹੁੰਦਾ ਤਾਂ ਤੁਸੀਂ ਸਾਨੂੰ ਸਿਖਾਉਣ ਦਾ ਕੰਮ ਵਧੀਆ ਤਰੀਕੇ ਨਾਲ ਨਹੀਂ ਕੀਤਾ ਅਤੇ ਜਾਂ ਤੁਸੀਂ ਰਾਜਾਂ ਨੂੰ ਆਜਾਦੀ ਲਈ ਯੋਗ ਬਣਾਉਣ ਦੇ ਕਾਬਲ ਨਹੀਂ ਹੋ। ਤੁਹਾਨੂੰ ਆਪਣੀ ਅਣਇੱਛਾ ਅਤੇ ਆਪਣੇ ਸਿਸਟਮ ਅਤੇ ਬੰਦਿਆਂ ਦੀ ਅਯੋਗਤਾ ਨੂੰ ਮੰਨਣਾ ਪਏਗਾ ਜੋ ਤੁਸੀਂ ਸਾਨੂੰ ਅਜਾਦ ਮਨੁੱਖ

ਬਣਾਉਣ ਵਿੱਚ ਅਤੇ ਜੋ ਕੁਝ ਹੁਣ ਤਕ ਸਾਨੂੰ ਦਿੱਤਾ ਹੈ, ਦੇਣ ਵਿੱਚ ਦਿਖਾਈ ਹੈ। ਸਾਡੀਆਂ ਯੂਨੀਵਰਸਿਟੀਆਂ ਜਿਹੜੀ ਸਿੱਖਿਆ ਦਿੰਦੀਆਂ ਹਨ ਇਹ ਤੁਹਾਡੇ ਵਲੋਂ ਸਾਮਰਾਜ ਅਤੇ ਆਪਣੀਆਂ ਅੰਬੈਸੀਆਂ ਨੂੰ ਚਲਾਉਣ ਲਈ ਆਪਣੇ ਨੌਜਵਾਨਾਂ ਨੂੰ ਦਿੱਤੀ ਜਾਂਦੀ ਵਿਲਾਸੀ ਅਕਾਦਮਿਕ ਸਿੱਖਿਆ ਦੀ ਨਕਲ ਹੀ ਹੈ। ਇਹ ਸਾਡੇ ਕਿਸ ਕੰਮ ਦੀ ਹੈ? ਅਫਗਾਨਾਂ ਲੋਕਾਂ ਕੋਲ ਹਥਿਆਰ ਹਨ, ਜਹਾਜ਼ ਹਨ ਪਰ ਅਸੀਂ ਇੰਨੇ ਦੁਰਬਲ ਹਾਂ ਕਿ ਸਾਡੇ ਜਵਾਨ ਰੋਟੀ ਕਮਾਉਣ ਤੋਂ ਵੀ ਆਵਾਜਾਰ ਹਨ। ਸਾਨੂੰ ਦੇਵਤਿਆਂ ਦੀ ਮੇਜ਼ ਤੋਂ ਡਿਗੇ ਕੁਝ ਟੁਕੜੇ ਹੀ ਨਸੀਬ ਹੁੰਦੇ ਹਨ। ਸਾਰੇ ਭਾਰਤ ਵਿੱਚ ਲੋਕ ਸਿਰਫ਼ ਇਕ ਵਕਤ ਦੀ ਰੋਟੀ ਲਈ ਵਾਧੂ ਕੰਮ ਕਰਕੇ ਮਰਦੇ ਹਨ ਜਾਂ ਭੁਖਮਰੀ ਨਾਲ ਮਰਦੇ ਹਨ। ਸਾਨੂੰ ਕਿਸਾਨਾਂ ਨੂੰ ਲੋਹੇ ਦੇ ਬੂਟਾਂ ਥੱਲੇ ਦਰੜ ਦਿੱਤਾ ਗਿਆ ਹੈ।

3. ਕਰੂਰ ਸੱਚ ਦਾ ਇੱਕ ਅੰਸ਼

ਹੁਣ ਵਿਹਾਰਕ ਮੁਸ਼ਕਲਾਂ ਉਤੇ ਆਉਂਦੇ ਤਾਂ ਅਤੇ ਮੈਨੂੰ ਡਰ ਹੈ ਕਿ ਜਿੰਨਾ ਜਿਆਦਾ ਤੁਸੀਂ ਇਨ੍ਹਾਂ ਵਾਰੇ ਸੋਚੋਗੇ, ਇਹ ਉਨੀਆਂ ਹੀ ਸਿਧਾਂਤਕ ਅਤੇ ਅਣਵਿਹਾਰਕ ਪਧਰ ਉਤੇ ਵਧਣਗੀਆਂ, ਤੁਸੀਂ ਦੇਖਿਆ ਹੈ ਕਿ ਕੁਝ ਮਹਾਨ ਦਿਮਾਗ ਭਾਰਤ ਬਾਰੇ ਸੋਚਦਿਆਂ ਪਾਗਲ ਹੋਏ ਪਏ ਹਨ। ਇਹ ਪਾਗਲਪਨ ਦੀ ਨਿਸ਼ਾਨੀ ਹੀ ਹੈ ਕਿ ਜੋ ਉਹ ਪ੍ਰਚਾਰ ਕਰਨ ਰਹੇ ਹਨ ਸਿਰਫ ਉਨ੍ਹਾਂ ਦੀ ਸਨਕ ਹੀ ਹੈ, ਤੁਸੀਂ ਮੇਰੇ ਨਾਲ ਜਰੂਰ ਸਹਿਮਤ ਹੋਵੋਗੇ ਕਿ ਜੇ ਅਸੀਂ ਇੱਕ ਰਾਸ਼ਟਰ ਹੁੰਦੇ ਅਤੇ ਸਾਡੇ ਕੋਲ ਤਾਕਤ ਹੁੰਦੀ, ਅਸੀਂ ਘੱਟ ਸਭਿਅਕ ਹੁੰਦੇ, ਸਾਡੇ ਪੈਰਾਂ ਥੱਲੇ ਕੁੱਝ ਜਮੀਨ ਹੁੰਦੀ ਅਤੇ ਕੁਝ ਮਰਦਾਨਗੀ ਸਾਡੇ ਅੰਦਰ ਹੁੰਦੀ ਤੁਸੀਂ ਸਾਰੇ ਘਰਾਂ ਵਿੱਚ ਦਾਖਲ ਹੋ ਕੇ ਇਹ ਨਹੀਂ ਸੀ ਕਹਿਣਾ ਕਿ "ਮੁੰਡਿਉ ਹੁਣ ਬਾਹਰ ਨਿਕਲ ਜਾਉ, ਤੁਹਾਡੇ ਭਲੇ ਲਈ ਤੁਹਾਡਾ ਘਰ ਹੁਣ ਅਸੀਂ ਚਲਾਵਾਂਗੇ।" ਤੁਹਾਨੂੰ ਮੰਨਣਾ ਚਾਹੀਦਾ ਹੈ ਕਿ ਤੁਹਾਡੀਆਂ ਘੋਸ਼ਨਾਵਾਂ ਸਿਰਫ ਰਾਜਨੀਤਿਕ ਭਾਸ਼ਣ ਹਨ।ਜਿੰਨਾ ਦੇ ਅਰਥ ਬੜੇ ਛੋਟੇ ਹਨ, ਜੇ ਤੁਸੀਂ ਸਚਮੁੱਚ ਚਾਹੁੰਦੇ ਤਾਂ ਇਨ੍ਹਾਂ ਸੌ ਸਾਲਾਂ ਵਿੱਚ ਤੁਸੀਂ ਸਾਨੂੰ ਸਵੈ-ਸਰਕਾਰ ਚਲਾਉਣ ਦੇ ਕਾਬਲ ਬਣਾ ਦੇਣਾ ਸੀ। ਅਸੀਂ ਸੋਚਦੇ ਹਾਂ ਕਿ ਤੁਸੀਂ ਜਾਣਦੇ ਹੋ ਕਿ ਸਰਕਾਰ ਕਿਵੇਂ ਚਲਾਉਣੀ ਹੈ ਅਤੇ ਦੇਸ਼ ਨੂੰ ਆਪਣੇ ਤਰੀਕੇ ਨਾਲ ਆਪਣੇ ਭਲੇ ਲਈ ਕਿਵੇਂ ਚਲਾਉਣਾ ਹੈ।ਕੁੱਝ ਵੀ ਹੋਵੇ ਸਾਨੂੰ ਸ਼ੱਕ ਹੈ ਕਿ ਤੁਸੀਂ ਸਾਡੀ ਅਜ਼ਾਦੀ ਲਈ ਸਾਡੀ ਮੱਦਦ ਨਹੀਂ ਕੀਤੀ ਹੈ।

ਤੁਹਾਡੇ ਪਾਸਿਓਂ, ਸਾਡੇ ਉੱਤੇ ਸ਼ੱਕ ਕੀਤਾ ਜਾਂਦਾ ਹੈ ਕਿ ਜੇ ਤੁਸੀਂ ਸਾਨੂੰ ਹਥਿਆਰਬੰਦ ਕਰੋਗੇ ਤਾਂ ਅਸੀਂ ਵਿਦਰੋਹ ਕਰਕੇ ਅਜ਼ਾਦ ਹੋ ਜਾਵਾਂਗੇ। ਤੁਹਾਡਾ ਭਾਵ ਹੈ ਕਿ ਜੇ ਤੁਸੀਂ ਅਜ਼ਾਦੀ ਦੇ ਰਹੇ ਹੋਵੋਗੇ ਤਾਂ ਜ਼ੋਖਮ ਉਠਾ ਰਹੇ ਹੋਵੋਗੇ। ਪਰ ਤੁਸੀਂ ਇੰਝ ਨਹੀਂ ਕੀਤਾ ਹੈ ਅਤੇ ਨਾ ਹੀ ਕਰੋਗੇ।

ਇਸ ਦੇਸ਼ ਵਿਚ ਆਮ ਆਦਮੀ ਦੀ ਤਾਕਤ ਕਈ ਤਰ੍ਹਾਂ ਨਾਲ ਦਿਨੋ ਦਿਨ ਖਤਮ ਹੋ ਰਹੀ ਹੈ। ਮਾੜੀ ਸਿੱਖਿਆ ਹੌਲੀ-ਹੌਲੀ ਅਤੇ ਲਗਾਤਾਰ ਘਟ ਰਹੀ ਆਰਥਕ ਤਾਕਤ ਅਤੇ ਸਿਰਫ ਜਿਊਣ ਲਈ ਮੌਕੇ ਤਾਕਣ ਦੀ ਚਾਹਤ ਨੇ ਸਾਡੇ ਵਿਚੋਂ ਬਹੁਤ ਘੱਟ ਲੋਕਾਂ ਨੂੰ ਦੇਸ਼ ਦੀ ਰਾਖੀ ਕਰਨ ਦੇ ਯੋਗ ਰਹਿਣ ਦਿੱਤਾ ਹੈ। ਦਾਦਾ ਭਾਈ ਨਾਰੋਜੀ ਅਤੇ ਵਿਲੀਅਮ ਡਿਗਬੀ ਕਹਿ ਰਹੇ ਹਨ ਕਿ ਭਾਰਤ ਵਿਚ ਖ਼ੂਨ ਚਿੱਟਾ ਹੋ ਰਿਹਾ ਹੈ। ਲਾਰਡ ਕਰਜਨ ਨੇ ਵੀ ਦੋਵਾਂ ਦਾ ਸਾਥ ਦਿੱਤਾ ਹੈ ਅਤੇ ਕਿਹਾ ਹੈ ਕਿ ਭਾਰਤ ਦੁਨੀਆਂ ਦਾ ਸਭ ਤੋਂ ਗਰੀਬ ਦੇਸ਼ ਹੈ। ਕਲਪਣਾ ਕਰੋ, ਜੇ ਇਹ ਦੇਸ਼ ਕਿਸੇ ਹੋਰ ਤਰੀਕੇ ਨਾਲ ਤੁਹਾਡੇ ਨਾਲ ਸਬੰਧਤ ਹੁੰਦਾ ਤਾਂ ਤੁਸੀਂ ਇਸ ਦੀ ਆਰਥਕ ਅਜ਼ਾਦੀ ਪੱਖੋਂ ਇਸ ਨੂੰ ਕਦੋਂ ਦਾ ਆਤਮ ਨਿਰਭਰ ਕਰ ਦਿੱਤਾ ਹੁੰਦਾ। ਜੇ ਤੁਸੀਂ ਆਸਟਰੇਲੀਆ ਵਾਂਗ ਭਾਰਤ ਨੂੰ ਅੰਗਰੇਜ਼ ਕਲੋਨੀ ਬਣਾਇਆ ਹੁੰਦਾ ਤਾਂ ਇਹ ਤੁਹਾਡਾ ਪਹਿਲਾ ਫਰਜ਼ ਹੁੰਦਾ। ਆਸਟ੍ਰੇਲੀਆ ਦੀ ਤਾਕਤ ਇੰਨੇ ਘਟ ਸਮੇਂ ਵਿਚ ਇੰਨੀ ਕਿਉਂ ਵਧੀ ਹੈ? ਭਾਰਤੀ ਬੁੱਧੀਜੀਵੀਆਂ ਨੇ ਭਾਰਤ ਦੀ ਰਾਜਨੀਤਕ ਅਜ਼ਾਦੀ ਦੀ ਗੱਲ ਛੱਡ ਦਿੱਤੀ ਹੈ ਅਤੇ ਇਥੋਂ ਤਕ ਕਿ ਇਹ ਲੇਜਿਸਲੇਟਿਵ

ਅਸੈਂਬਲੀਆਂ ਦੇ ਮਜ਼ਾਕ ਬਣ ਚੁੱਕੇ "ਕਲਾਸ ਰੂਮਾਂ" ਵਿਚ ਵੀ ਇਹ ਗੱਲ ਨਹੀਂ ਕਹਿੰਦੇ। ਇਹ ਇਸ ਭਿਆਨਕ ਨਤੀਜੇ ਉੱਤੇ ਨਹੀਂ ਪਹੁੰਚਦੇ ਕਿ ਸਾਡੀ ਗੁਲਾਮੀ ਸਾਡੇ ਧਨ ਦੇ ਤੁਹਾਡੇ ਸਿਸਟਮ ਰਾਹੀਂ ਲਗਾਤਾਰ ਦੇਸ਼ ਤੋਂ ਬਾਹਰ ਜਾਣ ਦੇ ਨਤੀਜੇ ਵਜੋਂ ਸਾਡੀ ਤਾਕਤ ਖੁਰ ਰਹੀ ਹੈ ਅਤੇ ਜਦੋਂ ਤਕ ਅਸੀਂ ਤੁਹਾਡੇ ਤੋਂ ਛੁਟਕਾਰਾ ਨਹੀਂ ਪਾ ਲੈਂਦੇ ਅਸੀਂ ਆਪਣੀ ਆਰਥਕ ਅਜ਼ਾਦੀ ਪ੍ਰਾਪਤ ਨਹੀਂ ਕਰ ਸਕਦੇ।

ਇਹ ਮਾੜੀ ਕਿਸਮਤ ਹੀ ਹੈ ਕਿ ਸਾਲਾਨਾ ਬਜਟ ਅਤੇ ਵਿਉਪਾਰ ਸਬੰਧੀ ਅੰਕੜੇ ਭਾਰਤ ਦੀ ਅਮੀਰੀ ਦਿਖਾਉਂਦੇ ਹਨ ਪਰ ਆਮ ਲੋਕ ਰੋਟੀ ਦੀ ਭੁੱਖ ਨਾਲ ਹੀ ਮਰ ਰਹੇ ਹਨ। ਅਸੀਂ ਕਿਸਾਨ ਭੁੱਖੇ ਮਰ ਰਹੇ ਹਾਂ, ਲੱਖਾਂ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਇਕ ਸਮੇਂ ਦਾ ਪੂਰਾ ਖਾਣਾ ਵੀ ਨਸੀਬ ਨਹੀਂ ਹੁੰਦਾ। ਦੂਜੇ ਪਾਸੇ ਪਲੇਗ ਮਲੇਰੀਏ ਦੇ ਜਰਮਾਂ, ਕਾਲਾ ਅੰਜਾਰ ਅਤੇ ਟੀ.ਬੀ. ਲਈ ਇਹ ਉਪਜਾਊ ਜ਼ਮੀਨ ਸਾਬਤ ਹੋ ਰਹੇ ਹਨ। ਮਨੁੱਖੀ ਮਾਦਾ ਬਹੁਤ ਤੇਜ਼ੀ ਨਾਲ ਖੁਰ ਰਿਹਾ ਹੈ। ਇਹ ਤੁਹਾਡੀ ਨੀਤੀ ਉੱਤੇ ਬੁਨਿਆਦੀ ਪ੍ਰਸ਼ਨ ਚਿੰਨ੍ਹ ਹੈ। ਸਾਡੀਆਂ ਯੂਨੀਵਰਸਿਟੀਆਂ ਵਲੋਂ ਸਾਡੇ ਨੌਜਵਾਨਾਂ ਨੂੰ ਦਿੱਤੀ ਜਾ ਰਹੀ ਸਿੱਖਿਆ ਵੀ ਇਸੇ ਨੀਤੀ ਦਾ ਹਿੱਸਾ ਹੈ। ਇਹ ਗਿਆਨ ਝੂਠੇ ਤਰੀਕੇ ਨਾਲ ਬੁੱਧੀ ਉਤੇਜਿਤ ਕਰਦਾ ਹੈ। ਇਹ ਉਤੇਜਿਤ ਹੋਈ ਬੁੱਧੀ ਆਪਣੇ ਆਪ ਨੂੰ ਉਪਰਲੇ ਪੱਧਰ ਵਿਚ ਜਿੱਤਣ ਦੀ ਇੱਛਾ ਰੱਖਦੀ ਹੈ। ਬਿਨਾਂ ਇਸ ਗੱਲ ਦੀ ਪਰਵਾਹ ਕੀਤੇ ਦੇਸ਼ ਦੀ ਆਰਥਿਕ ਹਾਲਤ ਕੀ ਹੈ ਜਾਂ ਹੋਰ ਹਾਲਾਤ ਕੀ ਹਨ ਇਹ ਕਿਹਾ ਅਜੀਬ ਢਾਂਚਾ ਹੈ ਜੋ ਲੋਕਾਂ ਦੇ ਭਲੇ ਲਈ ਅਤੇ ਉਨ੍ਹਾਂ ਨੂੰ ਜਿਉਂਦੇ ਰੱਖਣ ਲਈ ਨਹੀਂ ਬਦਲ ਰਿਹਾ। ਮੈਂ ਅੱਗੇ ਦੱਸਾਂਗਾ ਕਿ ਕਿਵੇਂ ਜਨਤਕ ਸੇਵਾਵਾਂ ਇਕ ਬਨਾਵਟੀ ਕਿਸੇ ਦੇ ਉੱਚ ਵਰਗ ਨੂੰ ਜਨਮ ਦੇ ਰਹੀਆਂ ਹਨ। ਇਸ ਕਰਕੇ ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਇਸ ਦੁਖਾਂਤ ਨੂੰ ਟਾਲਣ ਲਈ ਜੋ ਕਿ ਸੱਚ ਹੈ, ਤੁਹਾਨੂੰ ਕੁਝ ਠੋਸ ਕਰਨਾ ਚਾਹੀਦਾ ਹੈ। ਸੋਚ ਵਿਚਾਰ ਤਕ ਸੀਮਤ ਖੇਤੀ ਅਤੇ ਉਦਯੋਗ ਨਾਲ ਸਬੰਧਿਤ ਕੇਂਦਰੀ ਕਮਿਸ਼ਨਾਂ ਦਾ ਕੀ ਫਾਇਦਾ ਹੈ ਜੋ ਆਉਂਦੇ ਹਨ ਅਤੇ ਚਲੇ ਜਾਂਦੇ ਹਨ।

ਤੁਸੀਂ ਦੇਖੋਗੇ ਕਿ ਖੇਤੀ ਕਮਿਸ਼ਨ ਨੇ ਮੁਸ਼ਕਲਾਂ ਨੂੰ ਜਿਵੇਂ ਦਾ ਤਿਵੇਂ ਛੱਡ ਦਿੱਤਾ ਹੈ। ਇਸ ਦੇ ਨਤੀਜੇ ਅਤੇ ਸੁਝਾਅ ਸਲਾਹਾਂ ਸੁਣ-ਸੁਣ ਕੇ ਥੱਕ ਚੁੱਕੇ ਸ੍ਰੋਤੇ ਦੇ ਉਬਾਸੀ ਲੈਣ ਵਾਂਗ ਹਨ ਜਿਸਨੇ ਭਾਰੀ ਮਾਤਰਾ ਵਿੱਚ ਬੇਮਤਲਬ ਵਿਚਾਰ ਸੁਣੇ ਹੋਣ। ਇਹ ਜ਼ਰੂਰੀ ਨਹੀਂ ਕਿ ਕਮਿਸ਼ਨ ਇੰਨੀ ਦੂਰੋਂ ਆ ਕੇ ਐਨੀਆਂ ਮੁਸ਼ਕਿਲਾਂ ਵਿਚੋਂ ਲੰਘ ਕੇ ਭਾਰਤ ਦੇ ਵਾਇਸਰਾਏ (His Excellancy The Victory) ਨੂੰ ਸਿਰਫ ਇਹ ਦੱਸਣ ਕਿ "ਭਾਰਤੀ ਕਿਸਾਨਾਂ ਦੀ ਮਾਲੀ ਹਾਲਤ ਦੀ ਦੇਖ-ਭਾਲ ਕਰਨ ਦੀ ਲੋੜ ਹੈ" ਦਾ ਭਾਰੀ ਭਰਕਮ ਕੰਮ ਕਰਨ। ਉਦਯੋਗ ਕਮਿਸ਼ਨ ਹੱਸਣ ਯੋਗ ਨਤਜਿਆਂ ਉਤੇ ਪਹੁੰਚਿਆ ਹੈ ਕਿ ਦੋ ਹੋਰ ਇੰਮਪੀਰੀਅਲ ਸੇਵਾਵਾਂ ਦੀ ਲੋੜ ਹੈ। ਤੁਹਾਨੂੰ ਇਹ ਮੰਨਣਾ ਪਵੇਗਾ ਕਿ ਜਿਉਂਦੀਆਂ ਜਾਗਦੀਆਂ ਕੌਮਾਂ ਜਾਂ ਰਾਸ਼ਟਰ ਇਸ ਤਰ੍ਹਾਂ ਦੇ ਤਰੀਕਿਆਂ ਨਾਲ ਆਪਣੀ ਤਰੱਕੀ ਦਾ ਕੰਮ ਨਹੀਂ ਕਰਦੇ ਅਤੇ ਨਾ ਹੀ ਜਪਾਨੀਆਂ ਵਰਗੀ ਕੌਮ ਨੇ ਇਹੋ ਜਿਹੇ ਜ਼ਿੰਦਗੀ ਅਤੇ ਮੌਤ ਦੇ ਸਵਾਲ ਨੂੰ ਇਸ ਤਰ੍ਹਾਂ ਹੱਲ ਕੀਤਾ ਹੈ।

ਲੋਕਾਂ ਦੇ ਅਧਿਕਾਰਾਂ ਬਾਰੇ ਘੋਸ਼ਣਾਵਾਂ ਨਾਲੋਂ ਲੱਖਾਂ ਲੋਕਾਂ ਨੂੰ ਸਸਤਾ ਅਤੇ ਚੰਗਾ ਭੋਜਨ ਦੇਣਾ ਜ਼ਿਆਦਾ ਮਹੱਤਵਪੂਰਨ ਹੈ। ਰਾਜਨੀਤਿਕ ਦਿਖਾਵੇ ਲਈ ਬਹੁਤ ਕੁੱਝ ਇੱਧਰ-ਉਧਰ ਕੀਤਾ ਗਿਆ ਹੈ। ਮੈਨੂੰ ਇੱਕ ਛੋਟੀ ਜਿਹੀ ਸਲਾਹ ਦੇਣ ਦੀ ਇਜਾਜ਼ਤ ਦਿਓ। ਉਦਾਹਰਨ ਲਈ ਮਹਾਤਮਾ ਗਾਂਧੀ ਸਾਨੂੰ ਬੰਦਿਆਂ ਨੂੰ ਸੂਤ ਕੱਤਣ ਦਾ ਉਪਦੇਸ਼ ਦਿੰਦਾ ਹੈ ਅਤੇ ਨਾਲ ਹੀ ਖੱਦਰ ਪਹਿਨਣ ਦੇ ਉਪਦੇਸ਼ ਨੂੰ ਵੀ ਦੁਹਰਾਉਂਦਾ ਹੈ, ਜਿਵੇਂ ਮੈਂ ਕਿਹਾ ਸੀ ਕਿ ਪ੍ਰਤਿਭਾਸ਼ਾਲੀ ਬੰਦੇ ਵੀ ਭਾਰਤ ਦੀ ਆਜ਼ਾਦੀ ਦਾ ਪੇਚੀਦਾ ਮੁਸ਼ਕਲ ਬਾਰੇ ਸੋਚਦਿਆਂ ਪਾਗਲ ਹੋ ਗਏ ਹਨ। ਇਸ ਤਰ੍ਹਾਂ ਉਸ (ਮਹਾਤਮਾ ਗਾਂਧੀ) ਦੀ ਇੱਛਾ ਹੈ ਕਿ ਬੰਦਿਆਂ ਨੂੰ ਆਪਣੇ ਕਪੜੇ ਬੁਨਣ ਦਾ ਲਾਭਦਾਇਕ ਕੰਮ ਦਿੱਤਾ ਜਾ ਸਕੇ ਪਰ ਜਿਹੜੇ ਭੁੱਖੇ ਮਰ ਰਹੇ ਹਨ

ਅਤੇ ਜਿਨ੍ਹਾਂ ਵਿੱਚ ਕੰਮ ਕਰਨ ਦਾ ਸਾਹ-ਸੱਤ ਵੀ ਨਹੀਂ ਹੈ ਉਨ੍ਹਾਂ ਲਈ ਸੂਤ ਬੁਨਣ ਦੀ ਕੀ ਤੁੱਕ ਬਣਦੀ ਹੈ। ਡੇਅਰੀ ਉਦਯੋਗ ਸਭ ਪਾਸੇ ਕਿਉਂ ਮਰ ਰਿਹਾ ਹੈ? ਇਹ ਮੁੱਖ ਤੌਰ ਤੇ ਖੇਤੀ ਅਧਾਰਤ ਕਿੱਤਾ ਹੈ। ਚਾਰਾਗਾਹਾਂ ਮੁਹੱਈਆ ਨਹੀਂ ਕਰਵਾਈਆਂ ਜਾ ਰਹੀਆਂ। ਉਦਾਹਰਣ ਲਈ ਸਰਕਾਰ ਪੰਜਾਬ ਵਿਚ ਕਲੋਨੀਆਂ ਲਈ ਜ਼ਮੀਨ ਦੀ ਉੱਚੀ ਤੋਂ ਉੱਚੀ ਬੋਲੀ ਦੇ ਰਹੀ ਹੈ। ਇਹ ਨੀਤੀ ਪੂੰਜੀਵਾਦੀਆਂ ਦੀ ਮੱਦਦ ਕਰ ਰਹੀ ਹੈ ਅਤੇ ਕਿਸਾਨਾਂ ਨੂੰ ਮਾਰ ਰਹੀ ਹੈ। ਹਰ ਇਕ ਪਿੰਡ ਵਿੱਚ ਖੁੱਲ੍ਹੀਆਂ ਚਾਰਾਗਾਹਾਂ ਲਈ ਸਰਕਾਰ ਵੱਲੋਂ ਜ਼ਮੀਨ ਰਾਖਵੀਂ ਨਹੀਂ ਰੱਖੀ ਗਈ ਹੈ। ਨਤੀਜੇ ਵਜੋਂ ਦੁੱਧ ਦੇਣ ਵਾਲੇ ਪਸ਼ੂ ਪਾਲਣਾ ਲਾਭਹੀਣ ਹੋ ਗਿਆ ਹੈ। ਇਸਦੇ ਨਤੀਜੇ ਵਜੋਂ ਕਿਸਾਨ ਘਿਉ ਵਿੱਚ ਮਿਲਾਵਟ ਕਰ ਰਹੇ ਹਨ।ਜੇ ਸਾਰੇ ਭਾਰਤ ਵਿੱਚ ਚਰਾਂਦਾਂ ਲਈ ਜ਼ਮੀਨ ਰੱਖੀ ਜਾਵੇ ਤਾਂ ਘਿਉ ਉਦਯੋਗ 'ਖੱਦਰ' ਨਾਲੋਂ ਵੱਧ ਲਾਹੇਵੰਦ ਸਾਬਤ ਹੋ ਸਕਦਾ ਹੈ। ਕਿਸਾਨਾਂ ਕੋਲ ਦੁੱਧ ਪੀਣ ਲਈ ਵੱਡੀ ਮਾਤਰਾ ਵਿੱਚ ਬਚੇਗਾ। ਭੁੱਖੇ ਰਹਿਣ ਨਾਲੋਂ ਨੰਗੇ ਰਹਿਣਾ ਕਿਤੇ ਚੰਗਾ ਹੈ। ਜੇ ਇਨ੍ਹਾਂ ਨੂੰ ਢਿੱਡ ਭਰਕੇ ਖਾਣਾ ਮਿਲੇਗਾ ਤਾਂ ਖੱਦਰ ਬੁਨਣਾ ਇਨ੍ਹਾਂ ਲਈ ਹੋਰ ਲਾਭਦਾਇਕ ਰਹੇਗਾ ਅਤੇ ਔਰਤਾਂ Old Eve ਵਾਂਗ ਸੂਤ ਕੱਤ ਸਕਦੀਆਂ ਹਨ ਅਤੇ ਗਰੀਬ ਲੋਕਾਈ, ਜ਼ਿੰਦਗੀ ਦੀ ਤੰਗੀ ਤੁਰਸ਼ੀ ਨੂੰ ਕੁੱਝ ਘੱਟ ਕਰ ਸਕੇਗੀ।

ਭਾਰਤੀ ਕਿਸਾਨੀ ਜੋ ਕਿ ਸਮਾਜ ਅਤੇ ਸਰਕਾਰ ਦਾ ਮੂਲ ਹੈ ਦਾ ਖ਼ੂਨ ਚੂਸਿਆ ਜਾ ਰਿਹਾ ਹੈ। ਬੰਗਾਲ ਦਾ ਪੱਕੇ ਆਵਾਸ ਵਾਲਾ ਸਿਸਟਮ ਤਬਾਹ ਕਰਨ ਵਾਲਾ ਸਾਬਤ ਹੋਇਆ ਹੈ। ਅਵੱਧ ਅਤੇ United Province ਦੇ ਤਾਲੁਕਦਾਰ "ਬੰਗਾਲ ਦੇ ਪੱਕੇ ਅਵਾਮ ਸਿਸਟਮ" ਦੇ ਲੁਟੇਰੇ ਸਾਬਤ ਹੋਏ ਹਨ। ਤਲੁਕਦਾਰ, ਸਰਕਾਰ ਅਤੇ ਕਿਸਾਨਾਂ ਵਿਚਕਾਰ ਦਲਾਲਾਂ ਦਾ ਕੰਮ ਕਰਦੇ ਹਨ। ਇਹ ਕਿਸਾਨਾਂ ਉਤੇ ਵਾਧੂ ਟੈਕਸ ਲਾਉਂਦੇ ਹਨ ਅਤੇ ਉਨ੍ਹਾਂ ਤੋਂ ਜਿਆਦਾ ਕੰਮ ਲੈਂਦੇ ਹਨ। ਵਿਹਾਰਕ ਤੌਰ 'ਤੇ ਮੱਧਵਰਗ ਜੋ ਕਿ ਕਿਸਾਨਾਂ ਅਤੇ ਮਜ਼ਦੂਰਾਂ ਦਾ ਹੋਣਾ ਚਾਹੀਦਾ ਸੀ, ਜੋ ਕਿ ਪੰਜਾਬ ਵਿਚ ਕਿਸੇ ਹੱਦ ਤਕ ਹਾਲੇ ਵੀ ਹੈ। ਇਹ ਸਭ ਤੋਂ ਜ਼ਿਆਦਾ ਖੇਤੀ 'ਤੇ ਨਿਰਭਰ ਦੇਸ਼ ਵਿਚ ਉਜਾੜੇ ਦੀ ਰਾਹ 'ਤੇ ਹੈ। ਇਹ ਬੰਗਾਲ ਬਿਹਾਰ ਅਤੇ ਸੰਯੁਕਤ ਸੂਬੇ ਵਿਚ ਲਗਭਗ ਖਤਮ ਹੋ ਚੁੱਕਾ ਹੈ। ਸਚੇਤ ਜਾਂ ਅਚੇਤ ਰੂਪ ਵਿੱਚ ਸਰਕਾਰ ਸਰ ਗੰਗਾ ਰਾਮ ਵਰਗੇ ਲੋਕਾਂ ਦੇ ਉਭਰਨ ਵਿੱਚ ਮਦਦ ਕਰ ਰਹੀ ਹੈ ਜੋ ਮੱਧ ਵਰਗੀ ਪੂੰਜੀ ਉਪਜਾਉਣ ਵਾਲੇ ਕਾਮੇ ਵਰਗ, ਜੋ ਕਿ ਕਿਸੇ ਵੀ ਕੌਮ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ, ਦੀ ਤਬਾਹੀ ਦੇ ਇੰਜਣ ਹਨ। ਅਤੇ ਇਸ ਜਿਹੇ ਬੰਦੇ ਲੱਖਾਂ ਰੁਪਏ ਕਿਵੇਂ ਬਣਾ ਰਹੇ ਹਨ? ਕਿਉਂਕਿ ਸਰਕਾਰ ਕੋਲ ਅਸਲ ਵਿਸ਼ੇਸ਼ ਮੁਹਾਰਤ ਵਾਲੇ ਲੋਕਾਂ ਦੀ ਕਮੀ ਹੈ। ਇਸ ਕਰਕੇ ਇਹੋ ਜਿਹੇ ਸਰਕਾਰੀ ਮਾਹਰ ਬਹੁਤ ਤਾਜੁੱਬ ਨਾਲ ਮੂੰਹ ਅੱਡ ਕੇ ਸਰ ਗੰਗਾ ਰਾਮ ਵਰਗੇ ਬੰਦਿਆਂ ਨੂੰ ਲਿਫਟ ਸਿੰਚਾਈ ਸਕੀਮ ਵਿਚ ਕਾਮਯਾਬ ਹੁੰਦੇ ਦੇਖਦੇ ਰਹੇ। ਜਿਸਦੇ ਲਾਭਦਾਇਕ ਹੋਣ ਬਾਰੇ ਇਨ੍ਹਾਂ ਨੇ ਕਦੀ ਸੋਚਿਆ ਵੀ ਨਹੀਂ ਸੀ।

ਇਸ ਤਰ੍ਹਾਂ ਜਦੋਂ ਹੜ ਕਿਸਾਨਾਂ ਅਤੇ ਖੇਤੀ ਕਰਨ ਵਾਲਿਆਂ, ਜੋ ਕਿ ਸਰਕਾਰ ਅਤੇ ਸਮਾਜ ਦਾ ਮੂਲ ਹਨ, ਨੂੰ ਨਸ਼ਟ ਕਰ ਰਿਹਾ ਹੈ ਤਾਂ ਤੁਸੀਂ ਲੋਕਾਂ ਦੇ ਅਧਿਕਾਰਾਂ ਨੂੰ ਪਰਿਭਾਸ਼ਤ ਕਰਨ ਬੈਠੋਗੇ ਜਾਂ ਉਨ੍ਹਾਂ ਨੂੰ ਮੌਤ ਤੋਂ ਬਚਾਉਗੇ?

ਭਾਰਤੀ ਕਿਸਾਨਾਂ ਅਤੇ ਖੇਤੀਬਾੜੀ ਕਰਨ ਵਾਲਿਆਂ ਦੀ ਹਾਲਤ ਤਾਂ ਹੀ ਸੁਧਰੇਗੀ ਜੇ ਭਵਿੱਖ ਵਿਚ ਬਨਣ ਵਾਲਾ ਸੰਵਿਧਾਨ ਇੰਨ੍ਹਾਂ ਦੇ ਹੱਕ ਵਿਚ ਖੜੋਵੇਗਾ ਨਾ ਕਿ ਪੂੰਜੀਵਾਦੀ ਪ੍ਰਭਾਵਾਂ ਦੇ ਜੋ ਭਾਰਤ ਅਤੇ ਇੰਗਲੈਂਡ ਵਿਚ ਕੰਮ ਕਰ ਰਹੇ ਹਨ। ਭਾਰਤੀ ਖੇਤੀ ਵਿਚ ਅਸਲ ਸੁਧਾਰ ਸੰਵਿਧਾਨ ਅਤੇ ਖਾਸ ਕਾਨੂੰਨਾਂ ਰਾਹੀਂ ਹੋਣਗੇ ਨਾ ਕਿ ਖੇਤੀਬਾੜੀ ਮਾਹਰਾਂ ਨਾਲ। ਜਦੋਂ ਤੱਕ ਇਨ੍ਹਾਂ ਕਿਸਾਨਾਂ ਦੀ ਆਰਥਿਕ ਹਾਲਤ ਇਕ ਖਾਸ ਪੱਧਰ ਉੱਤੇ ਨਹੀਂ ਪਹੁੰਚਦੀ ਉਦੋਂ ਤਕ ਇਨ੍ਹਾਂ ਮਾਹਰਾਂ ਦਾ ਕੋਈ ਲਾਭ ਨਹੀਂ ਹੈ। ਆਧੁਨਿਕ ਖੇਤੀਬਾੜੀ ਤਕਨੀਕਾਂ ਦਾ ਗਿਆਨ, ਗਿਆਨ ਦੀ ਵਰਤੋਂ ਜਿਹੜੀ ਬਹੁਤ ਅੱਗੇ ਹੈ ਅਤੇ ਜੋ ਕਿ ਦੂਜੇ ਦੇਸ਼ਾਂ

ਵਿਚ ਮਨਪਸੰਦ ਗਿਆਨ ਬਣ ਚੁੱਕਿਆ ਹੈ ਨੂੰ ਭਾਰਤ ਵਿਚ ਹਾਲਾਂ ਲੰਬੇ ਸਮੇਂ ਤੱਕ ਪ੍ਰਚਾਰਤ ਕਰਨ ਦੀ ਲੋੜ ਹੈ। ਇਹ ਪ੍ਰਚਾਰ ਭਾਰਤ ਸਰਕਾਰ ਦੇ ਵੱਡੇ ਅਤੇ ਵਿਲਾਸੀ ਇੰਪੀਰੀਅਲ ਵਿਭਾਗਾਂ ਦੀ ਜਗ੍ਹਾ ਵਿਉਪਾਰਕ ਹਿੱਤਾਂ ਰਾਹੀਂ ਘਰ-ਘਰ ਪਹੁੰਚ ਸਕਦਾ ਹੈ। ਪਹਿਲੀ ਲੋੜ ਇੰਪੀਰੀਅਲ ਸਾਇੰਸ ਸੇਵਾ ਨੂੰ ਭੰਗ ਕਰਕੇ ਵਿਗਿਆਨਿਕ ਖੋਜ ਨੂੰ ਮੁੜ ਵਿਵਸਥਿਤ ਕਰਨ ਦੀ ਹੈ। ਸਰਕਾਰੀ ਸੇਵਾਵਾਂ ਨੂੰ ਘਟਾਇਆ ਜਾਣਾ ਚਾਹੀਦਾ ਹੈ ਅਤੇ ਬਾਕੀ ਬਚਦੀਆਂ ਅਤੇ ਜ਼ਰੂਰੀ ਲੋੜ ਵਾਲੀਆਂ ਸੇਵਾਵਾਂ ਉੱਤੇ ਖਰਚ ਵੀ ਘੱਟ ਤੋਂ ਘੱਟ ਹੋਣਾ ਚਾਹੀਦਾ ਹੈ। ਜਪਾਨ ਦਾ ਪ੍ਰਧਾਨ ਮੰਤਰੀ ਭਾਰਤ ਦੇ ਇੱਕ ਆਮ ਡਿਪਟੀ ਕਮਿਸ਼ਨਰ ਨਾਲੋਂ ਘੱਟ ਤਨਖਾਹ ਲੈਂਦਾ ਹੈ।

ਸਾਰੀਆਂ ਸਰਕਾਰੀ ਸੇਵਾਵਾਂ ਦੀ ਤਨਖਾਹ ਕਿਸਾਨ ਅਤੇ ਮਜ਼ਦੂਰ ਦੀ ਲੁੱਟ ਦਾ ਹਿੱਸਾ ਹਨ। ਨਾਲ ਹੀ ਵਕੀਲਾਂ ਦੀ ਜਮਾਤ, ਸਰਕਾਰੀ ਠੇਕੇਦਾਰ ਅਤੇ ਸਬੰਧਿਤ ਸੇਵਾਵਾਂ ਜੋਕਾਂ ਵਾਂਗ ਹੀ ਸਮਝੀਆਂ ਜਾਣੀਆਂ ਚਾਹੀਦੀਆਂ ਹਨ ਜੋ ਕਿ ਦੇਸ਼ ਦੇ ਕਰਾਂ ਉੱਤੇ ਪਲ ਰਹੀਆਂ ਹਨ। ਜਿਵੇਂ ਉਪਰ ਕਿਹਾ ਸੀ ਕਿ ਸਰਕਾਰੀ ਮੁਲਾਜ਼ਮ ਅਤੇ ਇਨ੍ਹਾਂ ਲੋਕਾਂ ਦਾ ਵਰਗ ਇੱਕ ਨਕਲੀ ਮੱਧ ਵਰਗ ਵਾਂਗ ਵਿਚਰਦੇ ਹਨ ਜੋ ਆਪਣੀ ਅਮੀਰੀ ਦਾ ਵਿਖਾਵਾ ਵੀ ਕਰਦੇ ਹਨ। ਇਹ ਧਨ ਨੂੰ ਖਾਣ ਵਾਲੇ ਹਨ ਨਾ ਕਿ ਪੈਦਾ ਕਰਨ ਵਾਲੇ। ਇਹ ਸਾਰੀ ਅਮੀਰੀ ਕਿਸਾਨਾਂ ਦੇ ਸਰੀਰ ਅਤੇ ਆਤਮਾ ਨੂੰ ਮਾਰਨ ਤੱਕ ਦੀ ਦੁਖਦ ਕੀਮਤ ਉਤੇ ਦਿਖਾਈ ਜਾ ਰਹੀ ਹੈ। ਇੱਕ ਠੇਕੇਦਾਰ ਜੋ ਆਪਣੇ ਤੌਰ ’ਤੇ ਮਹੀਨੇ ਦਾ ਸੌ ਰੁਪਈਆ ਕਮਾਉਣ ਦੇ ਯੋਗ ਨਹੀਂ ਹੈ, ਸਰਕਾਰ ਤੋਂ ਹਜ਼ਾਰਾਂ ਰੁਪਏ ਧੋਖੇ ਨਾਲ ਠੱਗ ਰਿਹਾ ਹੈ। ਸਰਕਾਰ ਜਦੋਂ ਦਿਨੇ ਹੋ ਰਹੀ ਲੁੱਟ ਦੀ ਇਸ ਕਿਰਿਆ ਨੂੰ ਦੇਖਦੀ ਹੈ ਤਾਂ ਚੀਜਾਂ ਨੂੰ ਹੋਰ ਗੁੰਝਲਦਾਰ ਬਣਾ ਦਿੰਦੀ ਹੈ। ਉਦਾਹਰਣ ਲਈ ਸਰਕਾਰ ਨੇ Store Purchase ਵਿਭਾਗ ਬਣਾ ਦਿੱਤਾ ਹੈ ਜਿਸ ਨੇ ਪਹਿਲੇ ਦਲਾਲਾਂ ਦੀ ਗਿਣਤੀ ਹੋਰ ਵਧਾ ਦਿੱਤੀ ਹੈ। ਭਾਵ ਕਿ ਸਰਕਾਰ ਵੱਲੋਂ ਹਾਲਾਤ ਨਾਲ ਨਿਪਟਣ ਲਈ ਕੀਤਾ ਗਿਆ ਇਲਾਜ ਬੀਮਾਰੀ ਨਾਲੋਂ ਵੀ ਬਦਤਰ ਹੈ। ਜ਼ਿਆਦਾ ਤਾਂ ਸਰਕਾਰ ਫਾਇਲਾਂ ’ਤੇ ਹੀ ਚੱਲਦੀ ਹੈ ਜੋ ਕਿ ਵੇਖਣ ਨੂੰ ਤਾਂ ਬੜੀ ਸਾਫ ਸੁਥਰੀ ਲਿਖਾਈ ਵਿਚ ਹੁੰਦੀਆਂ ਹਨ ਪਰ ਖੁੱਲ੍ਹੇ ਦਿਨ ਦੀ ਰੋਸ਼ਨੀ ਵਿਚ ਰੱਦੀ ਚਾਰੇ ਪਾਸੇ ਖਿਲਰੀ ਪਈ ਹੈ।

ਫਿਰ ਸਾਰੇ ਵਿਉਪਾਰਕ ਵਿਭਾਗ ਜਿਵੇਂ ਰੇਲਵੇ, ਜੰਗਲਾਤ, Store Purchase, ਬਿਲਡਿੰਗ ਉਸਾਰੀ ਵਿਭਾਗ, ਸੜਕ ਵਿਭਾਗ ਅਤੇ ਇੰਪੀਰੀਅਲ ਸੇਵਾਵਾਂ ਅਤੇ ਵਿਭਾਗਾਂ ਦਾ ਕੇਂਦਰੀਕਰਨ ਹੋਰ ਵੀ ਮਹਿੰਗਾ ਹੋਵੇਗਾ ਅਤੇ ਇਨ੍ਹਾਂ ਨੂੰ ਅਸਰਹੀਣ ਕਰੇਗਾ। ਦੇਸ਼ ਦਾ ਵੱਡਾ ਹੋਣ ਕਰਕੇ ਅਤੇ ਇਸ ਦੀਆਂ ਲੋੜਾਂ ਪੂਰਾ ਕਰਨ ਲਈ ਕੰਮਾਂ ਨੂੰ ਤੋੜਨਾ ਜ਼ਰੂਰੀ ਹੈ। ਵਿਉਪਾਰਕ ਕੰਮਾਂ ਨੂੰ ਵਿਉਪਾਰਕ ਲੋਕਾਂ ਅਤੇ ਜਨਤਕ ਕੰਪਨੀਆਂ ਨੂੰ ਦੇਣਾ ਜ਼ਰੂਰੀ ਹੈ। ਜੇ ਅੰਗਰੇਜ਼ ਅਤੇ ਭਾਰਤੀ ਮਾਹਿਰ ਨਾ ਮਿਲਣ ਤਾਂ ਸਾਰੀ ਦੁਨੀਆਂ ਵਿਚਲੇ ਵਪਾਰਕ ਬੋਰਡਾਂ ਨੂੰ ਇੱਥੇ ਆਉਣ ਦਾ ਸੱਦਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਇਨ੍ਹਾਂ ਕੰਮਾਂ ਨੂੰ ਵਿਉਪਾਰਕ ਢੰਗ ਨਾਲ ਚਲਾਉਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਵਿਦੇਸ਼ੀ ਮਾਹਿਰਾਂ ਨੂੰ ਜਿੱਥੇ ਵੀ ਇਨ੍ਹਾਂ ਦੀ ਲੋੜ ਹੈ, ਰਾਜਨੀਤਕ ਕਾਰਨਾਂ ਕਰਕੇ ਅਤੇ ਅੰਗਰੇਜ਼ਾਂ ਨੂੰ ਫਾਇਦਾ ਦੇਣ ਕਰਕੇ ਨਾ ਆਉਣ ਦੇਣਾ ਨਲਾਇਕੀ ਨੂੰ ਵਧਾਏਗਾ। ਆਪਣੇ ਲੋਕਾਂ ਦੇ ਭਲੇ ਨੂੰ ਸਮਰਪਤ ਕਿਸੇ ਵੀ ਸਰਕਾਰ ਨੂੰ ਇਸ ਗੱਲ ਵਿਚ ਗਲਤੀ ਨਹੀਂ ਲੱਭੇਗੀ। ਪਰ ਡੈਨਮਾਰਕ ਵਿਚ ਕੁੱਝ ਸੜ ਰਿਹਾ ਹੈ। ਆਸਟਰੇਲੀਆ ਵਿਚ ਤੁਹਾਡੇ ਲੋਕਾਂ ਨੇ ਚੀਜ਼ਾਂ ਨੂੰ ਚੰਗੀ ਤਰ੍ਹਾਂ ਠੀਕ ਕੀਤਾ ਹੈ। ਕੋਈ ਵੀ ਇਸ ਨਤੀਜੇ ਉਤੇ ਪਹੁੰਚ ਸਕਦਾ ਹੈ ਕਿ, ਭਾਰਤ ਨੂੰ ਛੋਟੇ-ਛੋਟੇ ਹਿੱਸਿਆਂ ਵਿਚ ਤੋੜ ਦਿਓ, ਪ੍ਰਸ਼ਾਸਨ ਦਾ ਖਰਚਾ ਘਟਾਓ ਅਤੇ ਸਿਸਟਮ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਯੋਗਤਾ ਵਧਾਉ ਝੂਠੇ ਮਾਣ ਅਤੇ ਫਜ਼ੂਲ ਖਰਚੀ ਦੀ ਨੀਤੀ ਦਾ ਤਿਆਗ ਕਰਕੇ ਲੋਕਾਂ ਦੀ ਤਰੱਕੀ ਲਈ ਇਮਾਨਦਾਰੀ ਨਾਲ ਕੰਮ ਕਰਨ ਦੀ ਨੀਤੀ ਅਪਣਾਉ। ਸਰਕਾਰੀ ਸੇਵਾਵਾਂ ਦੀ ਗਿਣਤੀ ਜਿੰਨੀ ਵੱਧ ਹੋਵੇਗੀ, ਪ੍ਰਸ਼ਾਸਨ ਦੀ ਕੰਮ ਕਰਨ ਦੀ ਯੋਗਤਾ ਉਨੀ ਹੀ ਘਟੇਗੀ। ਸਰਕਾਰੀ ਕੰਮਾਂ ਦਾ ਵਧਿਆ ਘੇਰਾ ਸਰਕਾਰ ਦੀ ਪ੍ਰਤਿਭਾ ਨੂੰ ਖੋਰਾ ਲਾਉਂਦਾ ਹੈ ਅਤੇ ਸਰਕਾਰ ਨੂੰ ਚੰਗੀ ਤਰ੍ਹਾਂ ਕੰਮ ਚਲਾਉਣ ਵਿਚ ਅੜਿੱਕਾ

ਬਣਦਾ ਹੈ। ਜੇ ਫੌਜੀ ਮੁਹਾਵਰਾ ਵਰਤਿਆ ਜਾਵੇ ਤਾਂ ਇਸਦਾ ਇਹ ਮਤਲਬ ਹੋਵੇਗਾ ਕਿ ਮੌਜੂਦਾ ਭਾਰਤੀ ਸਰਕਾਰ ਅਤੇ ਇਸਦੀਆਂ ਵੰਨ-ਸੁਵੰਨੀਆਂ ਸੇਵਾਵਾਂ ਇਕ ਫੌਜ ਵਾਂਗ ਹਨ ਜੋ ਮੋਰਚਿਆਂ ਵਿਚ ਬੈਠੀ ਹੈ ਪਰ ਪਿੱਛੇ ਕੋਈ ਹੁਕਮ ਦੇਣ ਵਾਲਾ ਅਫਸਰ ਨਹੀਂ ਹੈ। ਇਸ ਤਰ੍ਹਾਂ ਇਹ ਸਰਕਾਰ ਸ਼ਾਂਤੀਪੂਰਨ ਸਮੇਂ ਵਿੱਚ ਵੀ ਐਮਰਜੈਂਸੀ ਸਰਕਾਰ ਵਾਂਗ ਲਗਦੀ ਹੈ। ਸਰਕਾਰ ਇਨ੍ਹਾਂ ਵਿਭਾਗਾਂ ਦੇ ਵੱਡੇ ਲਾਭ ਦਿਖਾਉਂਦੀ ਹੈ ਪਰ ਇਹ ਨਹੀਂ ਸੋਚਦੀ ਕਿ ਇਹ ਲਾਭ ਕਿਸ ਕੀਮਤ ਉਤੇ ਪ੍ਰਾਪਤ ਹੁੰਦੇ ਹਨ। ਘੋਸ਼ਿਤ ਕੀਤੇ ਗਏ ਲਾਭਾਂ ਤੋਂ ਸੰਤੁਸ਼ਟ ਹੋਣਾ ਗਲਤ ਫਹਿਮੀ ਹੈ। ਕੀ ਇਹ ਲਾਭ ਇਸ ਤੋਂ ਵੀ ਘੱਟ ਕੀਮਤ ਉੱਤੇ ਹੋਰ ਵਧਾਏ ਜਾ ਸਕਦੇ ਹਨ? ਕੀ ਜ਼ਮੀਨ ਉਤੇ ਕਰ ਘਟਾ ਕੇ ਕਿਸਾਨ ਨੂੰ ਰਾਹਤ ਨਹੀਂ ਦਿੱਤੀ ਜਾ ਸਕਦੀ। ਉਸ ਨੀਤੀ ਦਾ ਕੀ ਲਾਭ ਹੈ ਜੋ ਲਾਭ ਤਾਂ ਕਮਾਉਂਦੀ ਹੈ ਪਰ ਇਨ੍ਹਾਂ ਲਾਭਾਂ ਨੂੰ ਅਣਉਪਜਾਊ ਅਤੇ ਉਪਭੋਗਵਾਦੀ ਮੱਧ ਵੱਰਗ ਉਤੇ ਖਰਚ ਕਰ ਦਿੰਦੀ ਹੈ।

ਵਿਉਪਾਰਕ ਅਦਾਰਿਆਂ ਨੂੰ ਜਦੋਂ ਰਾਜ ਦੀ ਹਿਫਾਜ਼ਤ ਅਤੇ ਮਾਣ ਪ੍ਰਾਪਤ ਹੋ ਜਾਵੇ ਤਾਂ ਸਰਕਾਰੀ ਸੇਵਾਵਾਂ ਵਿਚ ਵੱਡੀ ਪੱਧਰ ਉੱਤੇ ਰਿਸ਼ਵਤਖੋਰੀ ਸ਼ੁਰੂ ਹੋ ਜਾਂਦੀ ਹੈ ਜਿਵੇਂ ਕਿ ਰੇਲਵੇ ਵਿਚ ਹੋਇਆ ਹੈ ਅਤੇ ਜਿਵੇਂ ਖੋਜ ਵਿਭਾਗਾਂ ਵਿੱਚ ਆਮ ਅਯੋਗਤਾ ਅਤੇ ਕੰਮ-ਚੋਰੀ ਫੈਲੀ ਹੋਈ ਹੈ। ਵਿਗਿਆਨਕ ਖੋਜ ਕਦੇ ਵੀ ਵਿਭਾਗੀ ਕੰਮ ਨਹੀਂ ਹੁੰਦਾ। ਇਸ ਦੇ ਆਲੇ-ਦੁਆਲੇ ਸਾਰੇ ਸੰਸਾਰ ਦਾ ਉਸਾਰੂ ਅਲੋਚਨਾਤਮਕ ਮਾਹੌਲ ਹੁੰਦਾ ਹੈ ਜਿਥੇ ਤੀਜੇ ਦਰਜੇ ਦੀ ਔਸਤ ਸਾਹ ਨਹੀਂ ਲੈ ਸਕਦੀ। ਇਥੇ ਵਿਭਾਗਾਂ ਵਿਚ ਫੁੱਲਦੀ ਫਲਦੀ ਹੈ। ਖੋਜ ਅਤੇ ਵਿਗਿਆਨਕ ਖੋਜਬੀਨ ਦੇ ਇੰਪੀਰੀਅਲ ਵਿਭਾਗ ਅਨੈਤਕ ਹਨ ਕਿਉਂਕਿ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਕੋਈ ਵੀ ਸਰਕਾਰ ਆਪਣੇ ਮਾਹਿਰਾਂ ਦੀ ਆਲੋਚਨਾ ਨਹੀਂ ਕਰਦੀ। ਖੋਜ ਦਾ ਕੰਮ ਯੂਨੀਵਰਸਿਟੀਆਂ ਨੂੰ ਦਿੱਤਾ ਜਾਣਾ ਚਾਹੀਦਾ ਹੈ। ਯੂਨੀਵਰਸਿਟੀਆਂ ਸਿਰਫ਼ ਮੁਲਾਂਕਣ ਕਰਨ ਵਾਲੇ ਢਾਂਚੇ ਨਹੀਂ ਹਨ ਜਿਵੇਂ ਕਿ ਭਾਰਤ ਵਿੱਚ ਇਨ੍ਹਾਂ ਨੂੰ ਬਣਾ ਦਿੱਤਾ ਗਿਆ ਹੈ ਪਰ ਇਹ ਵੱਡੇ ਸਭਿਆਚਾਰਕ ਸੰਸਾਰ ਕੇਂਦਰ ਹਨ। ਇਹ ਆਪਣੇ ਅਧਿਆਪਕਾਂ ਦੀ ਮਹਾਨਤਾ ਕਾਰਨ ਭਾਰਤੀ ਨਹੀਂ ਸਗੋਂ ਅੰਤਰਰਾਸ਼ਟਰੀ ਹਨ ਅਤੇ ਇਨ੍ਹਾਂ ਦੀਆਂ ਪ੍ਰਯੋਗਸ਼ਾਲਾਵਾਂ ਵਿੱਚ ਹੋ ਰਿਹਾ ਕੰਮ ਵੀ ਇਨ੍ਹਾਂ ਨੂੰ ਉਪਰੋਕਤ ਵਡਿਆਈ ਦਿੰਦਾ ਹੈ। ਇਸ ਸਟਾਫ ਦਾ ਪੱਧਰ ਕੌਮਾਂਤਰੀ ਪੱਧਰ ਮੁਤਾਬਕ ਘੱਟ-ਵਧ ਸਕਦਾ ਹੈ। ਖੋਜ ਵਿਭਾਗਾਂ ਨੂੰ ਤਾਂ ਇਕ ਤਰਾਂ ਨਵੇਂ ਸਿਖਾਦਰੂਆਂ ਹੱਥ ਦੇ ਦਿੱਤਾ ਗਿਆ ਹੈ।

ਮੇਰੀ ਮੰਗ ਹੈ ਕਿ ਤੁਸੀਂ ਸੰਵਿਧਾਨ ਵਿੱਚ ਸਿਰਫ਼ ਅਸਲ ਅਤੇ ਸੀਮਤ ਕੰਮਾਂ ਨੂੰ ਹੀ ਪਰਿਭਾਸ਼ਤ ਕਰੋ। ਵਿਉਪਾਰਕ ਕੰਮਾਂ ਨੂੰ ਇੰਪੀਰੀਅਲ ਵਿਭਾਗ ਰਾਹੀਂ ਚਲਾਉਣ ਦੀ ਨੀਤੀ ਘੱਟ ਕੀਤੀ ਜਾਣੀ ਚਾਹੀਦੀ ਹੈ। ਜਿਵੇਂ ਉਪਰ ਕਿਹਾ ਸੀ ਵਿਗਿਆਨਕ ਖੋਜ ਪ੍ਰਸਿੱਧ ਯੂਨੀਵਰਸਿਟੀਆਂ ਦੇ ਅਤੇ ਇਸ ਤਰਾਂ ਦੇ ਬੰਦਿਆ ਦੇ ਅਧੀਨ ਹੋਣੀ ਚਾਹੀਦੀ ਹੈ ਜੋ ਆਪਣੀ ਇਮਾਨਦਾਰੀ ਅਤੇ ਖੋਜ ਦੇ ਕੰਮਾਂ ਕਾਰਨ ਸੰਸਾਰ ਪ੍ਰਸਿੱਧ ਹੋਣ। ਸਰਕਾਰੀ ਕਰਮਚਾਰੀ ਦੀ ਵਿਗਿਆਨਕ ਕੌਂਸਲ ਦਾ ਭਲਾ ਦੀ ਫਾਇਦਾ ਹੈ? ਮਹਾਨ ਬੰਦੇ ਕਦੀ ਗੁਲਾਮੀ ਸਹਿਣ ਨਹੀਂ ਕਰਦੇ ਹੁੰਦੇ। ਖੋਜ ਦੇ ਕੰਮ ਦਾ ਕੰਟਰੋਲ ਅਜਿਹੇ ਵਿਅਕਤੀਆਂ ਦੇ ਹੱਥ ਵਿਚ ਹੋਣਾ ਚਾਹੀਦਾ ਹੈ ਜਿਨ੍ਹਾਂ ਦਾ ਵਿਗਿਆਨਕ ਮਨ ਕਿਸੇ ਭੇਦ-ਭਾਵ ਨੂੰ ਨਾ ਮੰਨੇ ਅਤੇ ਅਜ਼ਾਦ ਹੋਵੇ। ਫਾਇਲਾਂ ਬਣਾਉਣ ਵਾਲੇ ਅਤੇ ਇੰਪੀਰੀਅਲ ਮਾਹਰ ਇਸ ਕੰਮ ਦੇ ਯੋਗ ਨਹੀਂ ਹਨ।

ਲਾਹੌਰ ਦੇ ਮੁਸਲਮਾਨ ਚੌਧਰੀਆਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਰਾਜਾ ਬਣਨ ਲਈ ਬੁਲਾਵਾ ਭੇਜਿਆ ਸੀ। ਹਰੀ ਸਿੰਘ ਨਲੂਆਂ ਨੇ ਸ਼ੇਰ ਦੀ ਗੁਫ਼ਾ ਤਕ ਖੌਫ਼ ਪੈਦਾ ਕਰ ਦਿੱਤਾ ਸੀ। ਫਰੰਟੀਅਰ ਪਠਾਨ ਅੱਜ ਵੀ ਆਪਣੇ ਰੋਂਦੇ ਬੱਚੇ ਨੂੰ ਚੁੱਪ ਕਰਾਉਣ ਲਈ “ਹਰੀਆ ਰਾਗਲਾ” ਦਾ ਡਰਾਵਾ ਦਿੰਦੇ ਹਨ। ਨਹਿਰੂ ਕਮੇਟੀ ਕਲਮ ਦੇ ਇਕ ਝਟਕੇ ਨਾਲ ਐਸੀ ਕੌਮ ਨੂੰ ਕਿਵੇਂ ਖਤਮ ਕਰ ਸਕਦੀ ਹੈ। ਕੀ ਹਿੰਦੂਆਂ ਦਾ ਇਹ ਨਿਆਂਸੰਗਤ ਵਿਹਾਰ ਹੈ? ਸਿੰਧ ਨੂੰ ਅਲੱਗ ਕਰ ਦਿੱਤਾ ਗਿਆ ਹੈ ਕਿਉਂਕਿ ਇਹ ਮੁਸਲਮ ਮੰਗ ਸੀ, ਸਿੱਖਾਂ ਨੂੰ ਹਿੰਦੂ ਮੰਨ ਦੇ ਅਣਗੌਲਿਆਂ ਕਰ ਦਿੱਤਾ ਗਿਆ। ਹਿੰਦੂ ਜੇ ਆਪਣੇ ਆਪ ਨੂੰ ਬੰਦੇ ਸਮਝਦੇ ਹਨ ਤਾਂ ਉਨ੍ਹਾਂ

ਨੂੰ ਸਿੱਖ ਹੱਕਾਂ ਲਈ ਉਨ੍ਹਾਂ ਨਾਲ ਡਟਣਾ ਚਾਹੀਦਾ ਹੈ ਅਤੇ ਕੇਂਦਰੀ ਪੰਜਾਬ ਨੂੰ ਸਿੱਖ ਸੂਬਾ ਬਣਾਉਣ ਲਈ ਮੰਗ ਰੱਖਣੀ ਚਾਹੀਦਾ ਹੈ। ਇਹ ਅਹਿੰਸਾਤਮਕ ਖਾਨਾਜੰਗੀ ਹੀ ਮਜ਼ਬੂਤ ਕੌਮਾਂ ਨੂੰ ਬਣਦੇ ਲਾਭ ਦਿਵਾ ਸਕਦੀ ਹੈ।

4. ਪ੍ਰਸਤਾਵਿਤ ਇਲਾਜ਼

ਲੋਕਾਂ ਦੇ ਸੁਭਾਅ ਅਤੇ ਭਾਰਤ ਸਰਕਾਰ ਦੇ ਢਾਂਚਿਆਂ ਵਿੱਚ ਜੋ ਮੂਲ ਖਰਾਬੀ ਮੈਨੂੰ ਸਮਝ ਆਈ ਹੈ ਮੈਂ ਉਸ ਵੱਲ ਇਸ਼ਾਰਾ ਕੀਤਾ ਹੈ। ਮੈਂ ਤੁਹਾਡਾ ਧਿਆਨ ਲੋਕਾਂ ਦੀ ਆਰਥਕ ਹਾਲਤ ਵੱਲ ਦਿਵਾਉਣਾ ਚਾਹੁੰਦਾ ਹਾਂ ਜੋ ਸਰਕਾਰ ਦੀ ਰੀੜ ਹਨ ਅਤੇ ਕਿਵੇਂ ਵੱਡੀਆਂ ਅਤੇ ਅਯੋਗ ਸਰਕਾਰੀ ਸੇਵਾਵਾਂ ਨੂੰ ਰਈਅਤ ਦੀ ਕੀਮਤ ਸਰਕਾਰ ਬਿਨ੍ਹਾਂ ਕਿਸੇ ਮਤਲਬ ਦੇ ਪਾਲ ਰਹੀ ਹੈ। ਭਾਰਤ ਵਿੱਚ ਮਸਨੂਈ ਮੱਧ ਵਰਗ ਜੋ ਕਿ ਸਰਕਾਰੀ ਕਰਮਚਾਰੀਆਂ ਅਤੇ ਖੂਨ ਚੂਸਣ ਵਾਲਿਆਂ ਦਾ ਵਰਗ ਹੈ ਦੀ ਝੂਠੀ ਚਮਕ ਮੌਜੂਦ ਹੈ।

ਫਿਰ ਇਲਾਜ਼ ਕੀ ਹੋ ਸਕਦੇ ਹਨ? ਇਨ੍ਹਾਂ ਨੂੰ ਲੱਭਣਾ ਤੁਹਾਡਾ ਕੰਮ ਹੈ ਅਤੇ ਤੁਹਾਨੂੰ ਉਦਯੋਗਕ ਅਤੇ ਖੇਤੀ ਕਮਿਸ਼ਨਾਂ ਵਾਂਗ ਨਹੀਂ ਕਰਨਾ ਚਾਹੀਦਾ।

ਆਉ ਮੇਰੇ ਨਾਲੋਂ ਵੱਧ ਦਿਮਾਗੀ ਬੰਦਿਆਂ ਵੱਲੋਂ ਪ੍ਰਸਤਾਵਿਤ ਇਲਾਜ ਵਲ ਦੇਖਦੇ ਹਾਂ। ਗਾਂਧੀ ਵਲੋਂ ਪ੍ਰਸਤਾਵਿਤ ਇਲਾਜਾਂ ਵਿੱਚ ਖੱਦਰ, ਅਹਿੰਸਾ, ਨਾ-ਮਿਲਵਰਤਣ ਅਤੇ ਅਖੀਰ 'ਤੇ ਜਨਤਕ-ਅਵੱਗਿਆ ਜਾਂ ਉਲੰਘਣਾ ਸ਼ਾਮਲ ਹਨ। ਉਸਨੇ ਵੀ ਭਾਰਤ ਵਿੱਚ (Walpugris Naight)ਵੇਖੀ ਹੈ। ਜਾਦੂਗਰਨੀਆਂ ਵੀ ਉਸਦੇ ਵਿਰੁੱਧ ਹਨ। ਭਾਰਤ ਵਿੱਚ ਤੁਸੀਂ ਸਿੱਖ, ਮੁਸਲਮਾਨ ਵਲੋਂ ਬਣਾਏ ਬੱਕਰੇ ਦੇ ਮੀਟ, ਮਸੀਤ ਅੱਗੇ ਚਲਦੇ ਸੰਗੀਤ ਅਤੇ ਗਾਈਆਂ ਦੇ ਮਾਰਨ ਉੱਤੇ ਦੰਗੇ ਭੜਕਦੇ ਦੇਖ ਸਕਦੇ ਹੈ। ਇਹ ਜਾਦੂਗਰਨੀਆਂ ਦੇ ਕੜਾਹੇ ਦਾ ਛਿਣਭੰਗਰ ਤਾਪ ਹੀ ਹੈ। ਗਾਂਧੀ ਵਲੋਂ ਦੱਸੇ ਗਏ ਇਲਾਜ "ਸਵੈ-ਕੁਰਬਾਨੀ" ਨਾਲ ਕਈ ਅਸੰਭਵ ਸ਼ਰਤਾਂ ਜੁੜੀਆਂ ਹਨ ਜੋ ਕਿਸੇ ਉਦੇਸ਼ ਦੀ ਪ੍ਰਾਪਤੀ ਤਕ ਨਹੀਂ ਲਿਜਾਂਦੀਆਂ। ਸਾਰੀਆਂ ਸਵੈ-ਕੁਰਬਾਨੀਆਂ ਜੋ ਕਿ ਰਾਜਨੀਤਕ ਕੰਮਾਂ ਲਈ ਕੀਤੀਆਂ ਜਾਂਦੀਆਂ ਹਨ ਕਿਸੇ ਰਾਜਨੀਤਕ ਉਦੇਸ਼ ਦੀ ਪ੍ਰਾਪਤੀ ਲਈ ਹੀ ਕੀਤੀਆਂ ਜਾਂਦੀਆਂ ਹਨ। ਜਦੋਂ ਇਨ੍ਹਾਂ ਤੋਂ ਨਿਰਧਾਰਤ ਉਦੇਸ਼ਾਂ ਦੀ ਪ੍ਰਾਪਤੀ ਨਹੀਂ ਹੁੰਦੀ ਤਾਂ ਇਹ ਸਵੈ-ਕੁਰਬਾਨੀਆਂ ਲੋਕਾਂ ਦਾ ਧਰਮ ਨਹੀਂ ਬਣਦੀਆਂ। ਗਾਂਧੀ ਭਾਰਤੀ ਰਾਜਨੀਤੀ ਨੂੰ ਐਸੇ ਕਰਿਸਚੀਅਨ ਲੋਕਾਂ ਦੇ ਅਸੰਭਵ ਧਰਮ ਵਰਗਾ ਧਰਮ ਬਣਾਉਣਾ ਚਾਹੁੰਦਾ ਹੈ ਜਿੰਨਾ ਦੇ ਦਿਮਾਗ ਇੱਕ ਖਾਸ ਉਚਾਈ ਤੋਂ ਹੇਠਾਂ ਨਹੀਂ ਆਉਂਦੇ।

ਅਤੇ ਨਹਿਰੂ ਡਰਾਫਟ

ਹਿੰਦੂ ਹਵਾ ਦੇ ਰੁਖ ਵੱਲ ਝੁਕ ਗਏ ਹਨ। ਇਹ ਐਸੀ ਖਾਨਾਜੰਗੀ ਵਲ ਵਧ ਰਹੇ ਹਨ ਜਿਸ ਵਿੱਚ ਜੇ ਇੱਕ ਕੌਮ ਸਿੱਕੇ ਦੇ ਹੈੱਡ ਵਾਲਾ ਵਾਲਾ ਪਾਸਾ ਜਿੱਤਦੀ ਹੈ ਤਾਂ ਦੂਜੀ ਕੌਮ ਟੇਲ ਵਾਲਾ ਪਾਸਾ ਹਾਰ ਜਾਂਦੀ ਹੈ। ਅਸਲ ਵਿੱਚ ਮੁਸਲਮਾਨਾਂ ਨੇ ਆਪਣੇ ਕਈ ਕੋਹਾਟ ਅਤੇ ਲਾਹੌਰ ਪੈਦਾ ਕਰਕੇ ਹਿੰਦੂਆਂ ਨੂੰ ਚਿਤ ਕਰ ਦਿੱਤਾ ਹੈ। ਮਹਾਤਮਾ ਗਾਂਧੀ ਅਤੇ ਦੂਜੇ ਹਿੰਦੂ ਨੇਤਾ ਕਹਿ ਰਹੇ ਹਨ ਕਿ ਮੁਸਲਮਾਨਾਂ ਕਰਕੇ ਭਾਰਤ ਇਕਰੂਪ ਰਾਸ਼ਟਰ ਨਹੀਂ ਹੈ, ਇਹ ਸਥਾਨਕ ਵਿਗੜੇ ਹੋਏ ਹਾਲਤਾਂ ਮੁਤਾਬਕ ਵਧੀਆਂ ਸਮਝੌਤਾ ਹੈ।

ਮੰਨ ਲਉ ਤੁਸੀਂ ਚਲੇ ਜਾਂਦੇ ਹੋ ਅਤੇ ਦੇਸ਼ ਨੂੰ ਖਾਨਾਜੰਗੀ ਦੀ ਹਾਲਤ ਵਿੱਚ ਛੱਡ ਦਿੰਦੇ ਹੋ ਤਾਂ ਸਾਰੀਆਂ ਕੌਮਾਂ ਕੋਲ ਆਪਣੀ ਅਜ਼ਾਦੀ ਅਤੇ ਅਨੰਤ ਗੁਲਾਮੀ ਵਿਰੁੱਧ ਲੜਨ ਲਈ ਬਰਾਬਰ ਦੇ ਮੌਕੇ ਹੋਣਗੇ। ਅਤੇ ਹਿੰਦੂ-ਸੰਸਕ੍ਰਿਤ ਸਭਿਆਚਾਰ ਅਤੇ ਬੌਧਿਕਤਾ ਦਾ ਫਿਰ ਯੁੱਧਨੀਤਕ ਇਮਤਿਹਾਨ ਲਿਆ

ਜਾਵੇਗਾ। ਇਕ ਖਿਲਜੀ ਆਪਣੇ ਥੋੜੇ ਜਿਹੇ ਹਥਿਆਰਬੰਦ ਸਾਥੀਆਂ ਨਾਲ, ਲੱਖਾਂ ਹਿੰਦੂਆਂ ਦੇ ਵਿਰੋਧ ਤੋਂ ਬਿਨਾਂ ਦਿੱਲੀ ਤੋਂ ਕੋਮਰਿਨ ਤੱਕ ਜਾ ਪਹੁੰਚਾ ਸੀ ਜਿਸ ਨੇ ਪੰਜਾਬ ਉਤੇ ਕਬਜਾ ਕਰ ਲਿਆ ਉਹ ਦਿੱਲੀ ਜਾਂ ਆਗਰੇ ਛੋਟੀ-ਮੋਟੀ ਲੜਾਈ ਤੋਂ ਬਾਅਦ ਦਿੱਲੀ ਉੱਤੇ ਕਾਬਜ਼ ਹੋ ਜਾਂਦਾ ਸੀ। ਇਹ ਹਿੰਦੂਆਂ ਦਾ ਆਪਣੀ ਅਤੇ ਆਪਣੇ ਦੇਸ਼ ਦੀ ਰਾਖੀ ਕਰਨ ਦਾ ਇਤਿਹਾਸ ਹੈ। ਇਹੀ ਹਾਲਾਤ ਅੱਜ ਹਨ। ਜੋ ਪੰਜਾਬ ਉਤੇ ਰਾਜ ਕਰੇਗਾ ਪੂਰੇ ਭਾਰਤ ਉਤੇ ਰਾਜ ਕਰੇਗਾ। ਨਹਿਰੂ ਸੰਵਿਧਾਨ ਵਿੱਚ ਮੁਸਲਮਾਨਾਂ ਨੇ ਹਿੰਦੂਆਂ ਨੂੰ ਪੂਰੀ ਤਰਾਂ ਹਰਾ ਦਿੱਤਾ ਹੈ। ਇਕ ਮਹਾਨ ਖਾਨਾਜੰਗੀ ਜੋ ਸਾਰੀਆਂ ਕੌਮਾਂ ਲਈ ਬਰਾਬਰ ਮੌਕੇ ਪੈਦਾ ਕਰਦੀ ਹੋਵੇ ਅਤੇ ਇੱਕ ਕੌਮ ਦਾ ਦੂਜੀਆਂ ਕੌਮਾਂ ਉਤੇ ਕਬਜਾ ਕਰਵਾਉਂਦੀ ਹੋਵੇ ਹਾਲਾਂ ਨਹੀਂ ਆਈ ਹੈ ਪਰ ਸਾਰੇ ਲੋਕਾਂ ਨੇ ਉਪਭੋਗਤਾਵਾਦ-ਵਰਗੀ ਸ਼ੁਰੂਆਤੀ ਖਾਨਾਜੰਗੀ ਜੋ ਨਹਿਰੂ ਸੰਵਿਧਾਨ ਵਿੱਚ ਨਿਹਿਤ ਹੈ, ਦਾ ਸਵਾਗਤ ਕੀਤਾ ਹੈ। ਇਹ ਲੋਕ ਉਨ੍ਹਾਂ ਵਿਹਾਰਕ ਅਸਰਾਂ ਜੋ ਰਾਜ ਅਧੀਨ ਆਉਣ ਵਾਲੇ ਲੋਕਾਂ ਉਤੇ ਪੈਣਗੇ ਤੋਂ ਅੰਨ੍ਹਿਆਂ ਵਾਂਗ ਅਣਜਾਣ ਹਨ। ਜੇ ਇਹ ਹਿੰਦੂਆਂ ਦਾ ਖਾਤਮਾ ਨਹੀਂ ਹੈ ਤਾਂ ਕਿਸ ਅਧਾਰ ਉਤੇ ਬੰਬਈ ਨੂੰ ਘੱਟ ਵਿਕਸਿਤ ਮੁਸਲਮਾਨਾਂ ਦਾ ਸੂਬਾ ਬਣਾਇਆ ਗਿਆ ਹੈ। ਸਿੰਧੀ ਵਿਉਪਾਰੀਆਂ ਜੋ ਬਹੁਗਿਣਤੀ ਵਿੱਚ ਸਿੱਖ ਹਨ ਅਤੇ ਹਿੰਦੂਆਂ ਨੂੰ ਨਹਿਰੂ ਡਰਾਫਟ ਅਤੇ ਸਮਝੌਤੇ ਨੂੰ ਕਿਸ ਕੀਮਤ ਉਤੇ ਮੰਨਣ ਲਈ ਮਜ਼ਬੂਰ ਕੀਤਾ ਗਿਆ ਹੈ? ਇਸੇ ਸਿਧਾਂਤ ਦੇ ਅਧਾਰ ਉਤੇ ਕੇਂਦਰੀ ਪੰਜਾਬ ਨੂੰ ਸਿੱਖ ਸੂਬਾ ਕਿਉ ਨਹੀਂ ਬਣਾਇਆ ਗਿਆ? ਕਿਉਂਕਿ ਮਾਝੇ ਅਤੇ ਮਾਲਵੇ ਦੇ ਸਿੱਖਾਂ ਨੇ ਕੋਹਾਟ ਅਤੇ ਲਾਹੌਰ ਹਾਲਾਂ ਨਹੀਂ ਬਣਾਏ ਹਨ ਨਹਿਰੂ ਕਮੇਟੀ ਨੇ ਸਿੱਖਾਂ ਨੂੰ ਅਣਗੌਲਿਆਂ ਕੀਤਾ ਹੈ ਕਿਉਂਕਿ ਇਨ੍ਹਾਂ ਦੀ ਗਿਣਤੀ ਮੁਸਲਮਾਨਾਂ ਵਾਂਗ ਜਿਆਦਾ ਨਹੀਂ ਪਰ ਅਹਿਮਦ ਸ਼ਾਹ ਅਬਦਾਲੀ ਵਰਗੇ ਹਮਲਾਵਰ ਨੇ ਵੀ ਸਿੱਖਾਂ ਦੀ ਰਾਜਨੀਤਕ ਹਸਤੀ ਨੂੰ ਪੰਜਾਬ ਵਿਚੋਂ ਅੱਵਲ ਮੰਨਿਆ ਹੈ। ਸ਼ਾਇਦ ਉਹ ਨਾਦਰ ਸ਼ਾਹ ਹੀ ਸੀ ਜਿਸਨੇ ਕਿਹਾ ਸੀ ਕਿ "ਇਸ ਕੌਮ ਵਿਚੋਂ ਪ੍ਰਭੁਸਤਾ ਦੀ ਗੰਧ ਆਉਂਦੀ ਹੈ"। ਇੱਕ ਤੋਂ ਪਿਛੋਂ ਇੱਕ ਅੰਗਰੇਜ਼ ਕਮਾਂਡਰਾਂ ਨੇ ਸਿੱਖਾਂ ਦੀ ਬਹਾਦਰੀ, ਦੇਸ਼ ਭਗਤੀ ਅਤੇ ਉਚ ਨੈਤਿਕ ਵਿਅਕਤੀਤਵ ਨੂੰ ਮੰਨਿਆ ਹੈ। ਮੌਜੂਦਾ ਚੀਫ਼ ਕਮਾਂਡਰਾਂ ਨੇ ਕਿਹਾ ਹੈ ਕਿ ਉਹ ਸਿੱਖ ਸਿਪਾਹੀ ਉੱਤੇ ਆਪਣੀ ਬੀਵੀ ਅਤੇ ਬੱਚਿਆਂ ਦਾ ਰਾਖੀ ਲਈ ਵੱਧ ਵਿਸ਼ਵਾਸ ਰੱਖਦਾ ਹੈ ਅਤੇ ਇਹ ਪੰਜਾਬ ਹੀ ਸੀ ਜਿਸ ਵਿੱਚ ਸਿੱਖਾਂ ਨੇ ਮਿਸਲਾਂ ਬਣਾਈਆਂ ਸਨ। ਜੇ ਇਕ ਸਿੱਖ ਮੁੱਖੀ ਆਪਣੀ ਕਾਠੀ ਕਿਸੇ ਪਿੰਡ ਜਾਂ ਕਸਬੇ ਵਿੱਚ ਰੱਖ ਦਿੰਦਾ ਸੀ ਤਾਂ ਇਹ ਉਸ ਦੀ ਨਿਜੀ ਜਗੀਰ ਸਮਝੀ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਪੰਜਾਬ ਮੁਸਲਮ ਨਹੀਂ ਸਗੋਂ ਸਿੱਖ ਰਾਜ ਸੀ। ਮਹਾਰਾਜੇ ਦਾ ਮੁਸਲਮਾਨ ਮੰਤਰੀ ਅੰਤ ਤਕ ਉਸ ਦਾ ਵਫਾਦਾਰ ਰਿਹਾ ਸੀ ਜਦਕਿ ਬ੍ਰਾਹਮਣ ਅਤੇ ਹਿੰਦੂ ਮੰਤਰੀ ਗਦਾਰ ਸਾਬਤ ਹੋਏ ਸਨ। ਇਹ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਲਾਹੌਰ ਦੇ ਮੁਸਲਮਾਨ ਚੌਧਰੀਆਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਰਾਜਾ ਬਣਨ ਲਈ ਬੁਲਾਵਾ ਭੇਜਿਆ ਸੀ। ਹਰੀ ਸਿੰਘ ਨਲੂਆਂ ਨੇ ਸ਼ੇਰ ਦੀ ਗੁਫ਼ਾ ਤਕ ਖੌਫ਼ ਪੈਦਾ ਕਰ ਦਿੱਤਾ ਸੀ। ਫਰੰਟੀਅਰ ਪਠਾਨ ਅੱਜ ਵੀ ਆਪਣੇ ਰੋਂਦੇ ਬੱਚੇ ਨੂੰ ਚੁੱਪ ਕਰਾਉਣ ਲਈ "ਹਰੀਆ ਰਾਗਲਾ" ਦਾ ਡਰਾਵਾ ਦਿੰਦੇ ਹਨ। ਨਹਿਰੂ ਕਮੇਟੀ ਕਲਮ ਦੇ ਇਕ ਝਟਕੇ ਨਾਲ ਐਸੀ ਕੌਮ ਨੂੰ ਕਿਵੇਂ ਖਤਮ ਕਰ ਸਕਦੀ ਹੈ। ਕੀ ਹਿੰਦੂਆਂ ਦਾ ਇਹ ਨਿਆਂਸੰਗਤ ਵਿਹਾਰ ਹੈ? ਸਿੰਧ ਨੂੰ ਅਲੱਗ ਕਰ ਦਿੱਤਾ ਗਿਆ ਹੈ ਕਿਉਂਕਿ ਇਹ ਮੁਸਲਮ ਮੰਗ ਸੀ, ਸਿੱਖਾਂ ਨੂੰ ਹਿੰਦੂ ਮੰਨ ਦੇ ਅਣਗੌਲਿਆਂ ਕਰ ਦਿੱਤਾ ਗਿਆ। ਹਿੰਦੂ ਜੇ ਆਪਣੇ ਆਪ ਨੂੰ ਬੰਦੇ ਸਮਝਦੇ ਹਨ ਤਾਂ ਉਨ੍ਹਾਂ ਨੂੰ ਸਿੱਖ ਹੱਕਾਂ ਲਈ ਉਨ੍ਹਾਂ ਨਾਲ ਡਟਣਾ ਚਾਹੀਦਾ ਹੈ ਅਤੇ ਕੇਂਦਰੀ ਪੰਜਾਬ ਨੂੰ ਸਿੱਖ ਸੂਬਾ ਬਣਾਉਣ ਲਈ ਮੰਗ ਰੱਖਣੀ ਚਾਹੀਦਾ ਹੈ। ਇਹ ਅਹਿੰਸਾਤਮਕ ਖਾਨਾਜੰਗੀ ਹੀ ਮਜ਼ਬੂਤ ਕੌਮਾਂ ਨੂੰ ਬਣਦੇ ਲਾਭ ਦਿਵਾ ਸਕਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਸਿੱਖ ਜੱਟਾਂ ਦੇ ਸਿਰਾਂ ਵਿੱਚ ਇਹ ਗੱਲ ਵੜ ਗਈ ਕਿ ਉਹ ਕਿਸੇ ਸੂਬੇ ਉਤੇ ਰਾਜ ਕਰ ਸਕਦੇ ਹਨ ਤਾਂ ਉਨ੍ਹਾਂ ਦਾ ਇੱਕ-ਇੱਕ ਬੰਦਾ ਮਰ ਕੇ ਕਈ ਕੋਹਾਟ ਬਣਾ ਦੇਣਗੇ। ਸਿੱਖ ਆਪਣਾ ਅਧਿਕਾਰਾਂ ਲਈ ਲੜਨਾ ਜਾਣਦੇ ਹਨ ਪਰ ਨਹਿਰੂ ਰਿਪੋਰਟ ਐਸੀਆਂ ਕਾਰਵਾਈਆਂ ਨੂੰ ਕਿਉਂ ਬਲ ਦੇ ਰਹੀ ਹੈ?

ਆਉ ਉਹ ਜਨਤਕ ਅਧਾਰ ਅਤੇ ਵੋਟ ਦੇ ਅਧਿਕਾਰ ਨੂੰ ਵੇਖਦੇ ਹਾਂ ਜਿਨਾਂ ਨੂੰ ਨਹਿਰੂ ਰਿਪੋਰਟ ਦਾ ਪ੍ਰਚਾਰ ਕਰਨ ਲਈ ਅਤੇ ਇਸ ਨੂੰ ਸਿਧਾਂਤਕ ਤੌਰ 'ਤੇ ਉਚਿਤ ਸਿੱਧ ਕਰਨ ਲਈ ਅਧਾਰ ਬਣਾਇਆ ਜਾ ਰਿਹਾ ਹੈ।

ਇਸ ਦੇਸ਼ ਵਿੱਚ ਜਿੱਥੇ ਬੰਗਾਲ ਦੇ ਇੱਕ ਜ਼ਿੰਮੀਦਾਰ ਕੋਲ ਹਜਾਰਾਂ ਗੁਲਾਮ ਸਿਰਫ਼ ਕੌਡੀ-ਕੌਡੀ ਉੱਤੇ ਉਸ ਲਈ ਖੂਨ-ਪਸੀਨਾ ਵਹਾਉਂਦੇ ਹਨ, ਤਾਕਤਵਰ ਪੰਜਾਬ ਵਿੱਚ ਵੀ ਖੇਤੀ ਦੀ ਤਰੱਕੀ ਦਾ ਰਾਜ ਕਿਸਾਨ ਦਾ ਅਮੁਕ ਕਰਜ਼ਾਈ ਪੁਣਾ ਹੈ ਜੋ ਖੂਨ-ਪਸੀਨਾ ਵਹਾ ਕੇ ਆਪਣੀ ਜ਼ਿੰਦਗੀ ਦੇ ਨਿਰਬਾਹ ਲਈ ਤੁੱਛ ਕਮਾਈ ਕਰਦਾ ਹੈ, ਜੋ ਸ਼ਾਹਾਂ (Money Lendess) ਦੇ ਅੰਗੂਠੇ ਹੇਠ ਰਹਿੰਦਾ ਹੈ ਜੇ ਕਿਸਾਨ ਪੁਰਾਣੇ ਐਥੀਨੀਅਨ ਕਿਸਾਨ ਜਾਂ ਰੋਮਨ ਨਾਗਰਿਕ ਹੁੰਦੀ ਤਾਂ ਉਨ੍ਹਾਂ ਦੀ ਨਹਿਰੂ ਰਿਪੋਰਟ ਕਿਸ ਤਰ੍ਹਾਂ ਦੀ ਕਲਪਨਾਤਮਿਕ ਕੀਮਤ ਪਾਉਂਦੀ।

ਰੋਮਨ ਨਾਗਰਿਕ ਅਤੇ ਗ਼ਰੀਬ ਕਿਸਾਨਾਂ ਦੀ ਰਾਜਨੀਤਕ ਬੌਧਿਕਤਾ ਨੂੰ ਉਨ੍ਹਾਂ ਦੀ ਅੰਤਰਬੁੱਧੀ ਸਮਝਿਆ ਜਾਂਦਾ ਸੀ। ਇੱਕ ਅਨਪੜ੍ਹ ਵੋਟਰ ਜੇ ਪੜ੍ਹੇ-ਲਿਖੇ ਨਾਗਰਿਕ ਕੋਲ ਜਾ ਕੇ ਉਸ ਨੂੰ ਉਸ ਦੀ ਪਸੰਦੀਦਾ ਉਮੀਦਵਾਰ ਦਾ ਨਾਂ ਲਿਖਣ ਲਈ ਕਹਿ ਸਕਦਾ ਸੀ। ਉਹ ਨਾਗਰਿਕਾਂ ਵਾਂਗ ਵਿਹਾਰ ਕਰਦਾ ਸੀ। ਤਾਂ ਵੀ ਅਸੀਂ ਐਥੀਨੀਅਨਾਂ ਦੀ ਵਾਕਛੱਲਤਾ (Oratory) ਬਾਰੇ ਜਾਣਦੇ ਹਾਂ ਕਿ ਕਿਵੇਂ ਇਸ ਨਾਲ ਉਹ ਰਾਜਨੀਤਕ ਭੀੜ ਨੂੰ ਆਪਣੇ ਨਾਲ ਵਹਾ ਕੇ ਲੈ ਜਾਂਦੇ ਸਨ। ਇਹ ਇੰਗਲੈਂਡ ਅਤੇ ਦੂਜੇ ਪੱਛਮੀ ਦੇਸ਼ਾਂ ਦੇ ਮਾਮਲੇ ਵਿੱਚ ਵੀ ਸੱਚ ਹੈ।

ਯੁਗਾਂ ਤਕ ਇਸ ਦੇਸ਼ ਦੀ ਜਨਤਾ ਸਿਰਫ਼ ਵਿਦੇਸ਼ੀ ਹਮਲਾਵਰਾਂ ਤੋਂ ਵੀ ਨਹੀਂ ਸਗੋਂ ਭਾਰਤੀ ਨੀਰੋਆਂ (Neroes) ਦੀ ਆਦਤਨ ਤਾਨਾਸ਼ਾਹੀ ਦੇ ਵੀ ਭੈਅ ਹੇਠ ਰਹੀ ਹੈ, ਭਾਰਤੀ ਰਾਜਿਆਂ, ਜ਼ਿੰਮੀਦਾਰਾਂ, ਸ਼ਾਹਾਂ ਨੇ ਇਨ੍ਹਾਂ ਨੂੰ ਇਸ ਤਰਾਂ ਹੱਕਿਆ ਹੈ ਜਿਵੇਂ ਬੁਚੜ ਖਾਨੇ ਵਲ ਮਮਆਂਉਂਦੀਆਂ ਭੇਡਾਂ ਨੂੰ ਚਲਾਇਆ ਜਾਂਦਾ ਹੈ। ਐਸੀ ਅਗਿਆਨੀ ਜਨਤਾ ਨੂੰ ਵੋਟ ਦਾ ਅਧਾਰ ਬਣਾਉਣਾ ਸੋਚ ਕੇ ਹੀ ਘਿਣ ਆਉਂਦੀ ਹੈ। ਅਤੇ ਨਹਿਰੂ ਕਮੇਟੀ ਸਕੂਲੀ ਬੱਚਿਆਂ ਵਰਗੇ ਪ੍ਰਸਤਾਵਾਂ ਉਤੇ ਆਧੁਨਿਕ ਵਿਹਾਰਕ ਪ੍ਰਸ਼ਾਸਨ ਹੱਸ ਰਹੇ ਹਨ ਤਾਂ ਵੀ ਮਾੜੇ ਤਰੀਕੇ ਨਾਲ ਸੰਗਠਿਤ ਕਾਂਗਰਸ ਕੈਂਪ ਵਿਰੋਧਤਾ ਦਾ ਸ਼ੋਰ ਮਚਾ ਰਿਹਾ ਹੈ। ਭਾਵੇਂ ਇਹ ਹਿੰਦੂ ਵਕੀਲ ਲੈਜਿਸਲੇਟਿਵ ਚੈਂਬਰ ਵਿੱਚ ਗਰਮ ਅਤੇ ਚਟਪਟੇ ਭਾਸ਼ਣ ਦੇਣ ਦੇ ਕਿੰਨੇ ਵੀ ਯੋਗ ਹੋਣ ਪਰ ਇਹ ਵਿਹਾਰਕ ਪ੍ਰਸ਼ਾਸ਼ਨ ਦੇ ਮਾਮਲਿਆ ਵਿੱਚ ਅਸਫਲ ਰਹੇ ਹਨ। ਜਪਾਨੀ ਨੀਤੀਵਾਨਾਂ ਦੇ ਵੀ ਇਸ ਉੱਚ ਅਤੇ ਜਟਿਲ ਹਿੰਦੂ ਬੌਧਿਕਤਾ ਵਾਰੇ ਵਿਚਾਰ ਮਾੜੇ ਹਨ।

ਇਹ ਇੱਕ ਖੁੱਲਾ ਰਾਜ ਹੈ ਕਿ ਕਿਵੇਂ ਇਕ ਢੀਠ A.D.C. ਅਤੇ ਕੁਝ ਸੈਕਟਰੀਆਂ ਨੇ ਲਾਰਡ ਸਿਨਹਾ ਨੂੰ ਅਸਹਿਜ ਕਰ ਦਿੱਤਾ ਸੀ। ਮੈਂ ਇਹ ਕਹਿਣ ਦੀ ਹਿੰਮਤ ਕਰ ਸਕਦਾ ਹਾਂ ਕਿ ਪੰਜਾਬ ਦਾ ਸਿੱਖ ਸਰਦਾਰ ਅਤੇ ਹਿੰਦੂ ਮੁਸਲਮਾਨ ਇਸ ਕੁਰਸੀ ਉਤੇ ਬਹਿਣਾ ਚੰਗੀ ਤਰਾਂ ਜਾਣਦਾ ਹੈ।

ਨਹਿਰੂ ਰਿਪੋਰਟ ਦੀ ਮਹੱਤਤਾ ਕੀ ਰਹਿ ਜਾਂਦੀ ਹੈ ਜਦੋਂ ਇਹ ਇਸ ਦੇਸ਼ ਵਿਚ ਜਿਥੇ ਇੱਕ ਵੀ ਅਜਾਦ ਵੋਟਰ ਨਹੀਂ ਹੈ, ਜਨਤਕ ਵੋਟ ਰਾਹੀਂ ਤਾਕਤ ਨਿਰਧਾਰਤ ਦੀ ਮੂਲ ਗਲਤੀ ਨਾਲ ਦੂਸ਼ਿਤ ਹੈ।

ਮਹਾਤਮਾ ਗਾਂਧੀ ਇਨ੍ਹਾਂ ਹਾਲਤਾਂ ਦਾ ਇਲਾਜ ਕਰਨ ਵਿੱਚ ਅਸਫਲ ਰਿਹਾ ਹੈ। ਪੰਡਿਤ ਮੋਤੀ ਲਾਲ ਨਹਿਰੂ ਨੇ ਤੁਹਾਨੂੰ ਦੇਸ਼ ਛੱਡਣ ਲਈ ਨਹੀਂ ਕਿਹਾ ਹੈ ਪਰ ਉਹ ਹਿੰਸਕ ਖਾਨਾਜੰਗੀ ਲਈ ਮੈਦਾਨ ਤਿਆਰ ਕਰ ਰਿਹਾ ਹੈ ਅਤੇ ਚਾਹੁੰਦਾ ਹੈ ਕਿ ਤੁਸੀਂ ਉਪਭੋਗਤਾਵਾਦ ਦਾ ਅਜਿਹਾ ਰੂਪ ਸਿਰਜੋ ਜੋ ਕਮਜ਼ੋਰ ਕੌਮਾਂ ਨੂੰ ਖਾ ਜਾਵੇ। ਜੇ ਤੁਸੀਂ ਭਾਰਤ ਨੂੰ ਚਾਰ ਮਿੱਤਰਤਾਪੂਰਨ ਪ੍ਰੈਜ਼ੀਡੈਂਸੀਆਂ ਜਿਨ੍ਹਾਂ ਵਿੱਚ ਸਾਰੀ ਸੰਪਰਦਾਇਕ

ਤਾਕਤ ਦਾ ਸੰਤੁਲਨ ਹੋਵੇਗਾ ਵਿੱਚ ਨਹੀਂ ਵੰਡਦੇ ਤਾਂ ਤੁਹਾਡੇ ਵਲੋਂ ਕੁਝ ਸੋਧਾਂ ਕਰਨੀਆਂ ਜਾਂ ਤੁਹਾਡਾ ਨਹਿਰੂ ਦੇ ਡਰਾਫਟ ਨਾਲ ਸਹਿਮਤ ਹੋ ਜਾਣਾ ਇੱਕੋ ਗੱਲ ਹੋਵੇਗੀ। ਜੇ ਕੋਈ ਅਕਲਮੰਦ ਤੁਹਾਨੂੰ ਕਹੇ ਕਿ ਇਹ ਵੰਡ ਅਸੰਭਵ ਹੈ ਤਾਂ ਫਿਰ ਭਾਰਤ ਵਿੱਚ ਲੋਕ-ਤੰਤਰ ਕਿਸੇ ਵੀ ਤਰ੍ਹਾਂ ਨਾਲ ਜੰਮ ਨਹੀਂ ਸਕੇਗਾ। ਚੰਗਾ ਹੋਵੇਗਾ ਜੇ ਘੜੀ ਦੀਆਂ ਸੁਈਆਂ ਪਿਛੇ ਘੁਮਾ ਦਿਉ ਅਤੇ ਇੱਕ ਯੋਗ, ਨਿਰਪੱਖ, ਦ੍ਰਿੜ੍ਹ ਪਰ ਪਰਉਪਕਾਰੀ ਡਿਕਟੇਟਰਸ਼ਿਪ ਇਸ ਦੇਸ਼ ਵਿੱਚ ਲੈ ਆਵੇ।

5. ਅੰਗਰੇਜਾਂ ਨੂੰ ਕੀ ਕਰਨਾ ਚਾਹੀਦਾ ਹੈ?

ਇਥੇ ਕੋਈ ਇਲਾਜ ਕਾਮਯਾਬ ਨਹੀਂ ਹੈ ਜਦੋਂ ਤਕ ਸਿਰਫ਼ ਕਲਪਨਾਵਾਂ ਜੋ ਵਗੈਰ ਕਿਸੇ ਵਿਚਾਰਧਾਰਾ ਤੋਂ ਭਾਰਤ ਵਿੱਚ ਮਨੁੱਖੀ ਮਾਮਲਿਆਂ ਨੂੰ ਭੇਦ ਦੀਆਂ ਰਹਿਣਗੀਆਂ ਅਤੇ ਇਹ ਕਠੋਰ ਤੱਥ ਸਦੀਆਂ ਤੋਂ ਭਾਰਤ ਵਿੱਚ ਮੌਜੂਦ ਹੈ। ਮੈਂ ਇਸ ਵਿਸ਼ੇ ਉਤੇ ਆਉਂਦਾ ਹਾਂ ਕਿ ਇਨ੍ਹਾਂ ਹਾਲਤਾਂ ਵਿੱਚ ਅੰਗਰੇਜ਼ਾਂ ਨੂੰ ਕੀ ਕਰਨਾ ਚਾਹੀਦਾ ਹੈ, ਸੰਖੇਪ ਵਿੱਚ ਜੇ, ਕਰੋਮਵੈਲ ਜਿਉਂਦਾ ਹੁੰਦਾ ਤਾਂ ਉਹ ਸਿਰਫ਼ ਭਾਰਤ ਨੂੰ ਹੀ ਨਹੀਂ ਸਗੋਂ ਦੁਨੀਆਂ ਦੇ ਸਾਰੇ ਰਾਸ਼ਟਰਾਂ ਨੂੰ ਸਪੱਸ਼ਟ ਤੌਰ 'ਤੇ ਮੁਖਾਤਬ ਹੋ ਕੇ ਆਖਦਾ, ਭਾਰਤੀਉ! ਤੁਸੀਂ ਜੋ ਕਰ ਸਕਦੇ ਹੋ ਕਰੋ, ਅਸੀਂ ਤੁਹਾਡੇ ਉਤੇ ਜਿਵੇਂ ਚਾਹਾਂਗੇ ਰਾਜ ਕਰਾਂਗੇ, ਦੂਰ ਹਟ ਜਾਉ! ਕਿਸ ਅਧਾਰ ਉਤੇ ਅਤੇ ਕਿਸ ਤਰਾਂ ਭਾਰਤ ਸਾਡੇ ਨਾਲੋਂ ਵੱਧ ਤੁਹਾਡਾ ਹੈ। ਆਰੀਅਨਾਂ ਨੇ ਇਸ ਨੂੰ ਜਿੱਤਿਆ ਸੀ ਅਤੇ ਉਹ ਜਾ ਚੁਕੇ ਹਨ। ਅਸੀਂ ਇਸ ਉਤੇ ਉਦੋਂ ਕਬਜਾ ਕੀਤਾ ਸੀ ਜਦੋਂ ਤੁਸੀਂ ਆਪਸ ਵਿੱਚ ਲੜ ਰਹੇ ਸੀ। ਅਸੀਂ ਇਸ ਉੱਤੇ ਉਦੋਂ ਤਕ ਕਬਜ਼ਾ ਰੱਖਾਂਗੇ ਜਦੋਂ ਤਕ ਅਸੀਂ ਚਾਹਾਂਗੇ। ਆਉ, ਅਸੀਂ ਜਿਵੇਂ ਚਾਹਾਂਗੇ ਤੁਹਾਡੇ ਉਤੇ ਆਖਰੀ ਦਮ ਤਕ ਰਾਜ ਕਰਾਂਗੇ। ਕਰੋਮਵੈਵੈਲ ਇਸ ਘੋਸ਼ਣਾ ਦੇ ਬਾਅਦ ਭਾਰਤ ਸਰਕਾਰ ਦਾ ਪਰਉਪਕਾਰੀ ਅਤੇ ਭੇਦ-ਭਾਵ ਰਹਿਤ ਪਿਉਰੀਟਕ (Puritan) ਵਰਗੀ ਤਾਨਾਸ਼ਾਹੀ ਦੇ ਅਧਾਰ ਉਤੇ ਮਾਰਗਦਰਸ਼ਨ ਕਰਦਾ। ਸਾਰੇ ਧਾਰਮਕ ਅੰਧਵਿਸ਼ਵਾਸਾਂ ਸਾਰੇ ਸਮਾਜਕ ਭਿੰਨ-ਭੇਦਾਂ ਅਤੇ ਇਨ੍ਹਾਂ ਬਿਮਾਰ ਲੋਕਾਂ ਦੀਆਂ ਸਾਰੀਆਂ ਪਿਛਾਂਹ ਖਿੱਚੂ ਪ੍ਰਵਿਰਤੀਆਂ ਨੂੰ ਬੰਦੂਕ ਦੀ ਨੋਕ ਉਤੇ ਜਬਰਦਸਤੀ ਲਾਗੂ ਕੀਤੇ ਕਾਨੂੰਨਾਂ ਨਾਲ ਖਤਮ ਕਰ ਦਿੰਦਾ। ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨਿਰਪੱਖ ਸਾਥੀਆਂ ਨੂੰ ਨੈਤਿਕ ਤਾਕਤ ਨਾਲ ਜਿਉਂਦੇ ਕੀਤਾ ਸੀ। ਆਉ ਉਨ੍ਹਾਂ ਦੀ ਵਿਚਾਰਧਾਰਾ ਨੂੰ ਫੌਜੀ ਤਾਕਤ ਨਾਲ ਲਾਗੂ ਕਰੀਏ। ਦੀ "ਮਦਰ ਇੰਡੀਆ" ਦੀ ਲੇਖਕ ਨੇ ਸ਼ਾਜਿਸ਼ੀ ਤੌਰ 'ਤੇ ਇਹ ਲਿਖਿਆ ਹੈ ਜਿਵੇਂ ਗਾਂਧੀ ਨੇ ਨਿਕਾਸੀ ਕਰਾਉਣ ਵਾਲੇ ਅਫਸਰ ਵਾਂਗ ਕਿਹਾ ਹੈ। ਜਵਾਬ ਵਿੱਚ "ਨਾਖੁਸ਼ ਇੰਡੀਆ" ਅਤੇ "Father India" ਕਹਿਣ ਦੀ ਕੀ ਲੋੜ ਹੈ? ਸਾਨੂੰ ਆਪਣੇ ਸਮਾਜ ਦੇ ਸੁਭਾਅ ਵਿਚਲੀਆਂ ਸਾਰੀਆਂ ਮਾੜੀਆਂ ਪ੍ਰਵਿਰਤੀਆਂ ਨੂੰ ਸਪਸ਼ਟ ਮੰਨਣਾ ਚਾਹੀਦਾ ਹੈ ਅਤੇ ਜੋ ਲੇਖਿਕਾ ਕਹਿ ਰਹੀ ਹੈ ਉਹ ਵੀ ਸਾਨੂੰ ਮੰਨਣਾ ਚਾਹੀਦਾ ਹੈ। ਉਸ ਨੂੰ ਜਵਾਬ ਦੇਣ ਦਾ ਇਹ ਤਰੀਕਾ ਨਹੀਂ ਹੈ ਸਗੋਂ ਸਾਨੂੰ ਅਫਗਾਨਿਸਤਾਨ ਅਤੇ ਤੁਰਕੀ ਵਰਗੀਆਂ ਤਬਦੀਲੀਆਂ ਨੂੰ ਲਿਆਉਣਾ ਪਵੇਗਾ। ਆਉ ਫੌਜੀ ਕਾਨੂੰਨ ਨੂੰ ਆਪਣੇ ਸੁਧਾਰ ਲਈ ਉਹ ਕੁਝ ਕਰਨ ਦਈਏ ਜੋ ਕੁੱਝ ਨੈਤਿਕ ਕਨੂੰਨ ਕਰਨ ਵਿੱਚ ਅਸਫਲ ਰਿਹਾ ਹੈ।

ਅਤੇ ਜੇ ਉਹ ਬੈਂਥਮ ਜਾਂ ਬਰਕ ਹੁੰਦਾ ਤਾਂ ਇਨ੍ਹਾਂ ਤਰਸਯੋਗ ਰਾਜਨੀਤਕ ਹਾਲਤਾਂ ਨਾਲ ਕੋਈ ਸਮਝੌਤਾ ਨਾ ਕਰਦਾ ਜਿਵੇਂ ਨਹਿਰੂ ਕਮੇਟੀ ਨੇ ਤਰਸਯੋਗ ਤਰੀਕੇ ਨਾਲ ਕੀਤਾ ਹੈ, ਅਤੇ ਜੋ ਉਹ ਚਾਹੁੰਦੇ ਹਨ ਅਤੇ ਇੱਛਾ ਰੱਖਦੇ ਹਨ ਤੁਸੀਂ ਉਹੀ ਕਰ ਰਹੇ ਹੋ। ਇਹ ਦੇਸ਼ ਸਦੀਆਂ ਤੋਂ ਗੁਲਾਮ ਹੈ ਅਤੇ ਇਸ ਨੂੰ ਸਾਰੀਆਂ ਸੰਪਰਦਾਇਕ ਹਾਲਤਾਂ ਨੇ ਸੂਖਮ ਪ੍ਰਸ਼ਾਸਨਿਕ ਮਸ਼ੀਨਰੀ ਰਹੀ ਉਤਸ਼ਾਹਿਤ ਕੀਤਾ ਹੈ। ਅਲੀਗੜ੍ਹ, ਬਨਾਰਸ, ਲਾਹੌਰ ਅਤੇ ਅੰਮ੍ਰਿਤਸਰ ਵਿੱਚ ਦਿੱਤੀ ਜਾ ਰਹੀ ਜਾਤੀਗਤ ਸਿੱਖਿਆ ਅੱਗ ਨੂੰ ਹੋਰ ਮਘਾ ਰਹੀ ਹੈ। ਸਰਕਾਰੀ ਸੇਵਾਵਾਂ ਦਾ ਲਾਲਚ, ਮਿਉਂਸੀਪਲ ਅਤੇ ਜਿਲਾ ਬੋਰਡਾ ਦੀ ਤਾਕਤ ਲਈ ਭੁੱਖ ਤਾਪ ਨੂੰ ਹੋਰ ਵਧਾ ਰਹੀ ਹੈ। ਇਕ ਅਗਾਂਹਵਧੂ ਅੰਗਰੇਜ਼ ਕੇ ਤੋਰ ਤੇ ਤੁਹਾਨੂੰ ਭਾਰਤ ਵਿੱਚ ਸਵੈ-ਸਰਕਾਰ ਅਤੇ ਅਜਾਦੀ

ਪ੍ਰਾਪਤ ਕਰਨ ਲਈ ਲੋਕਾਂ ਦੀ ਠੋਸ ਸੇਵਾ ਕਰਨੀ ਚਾਹੀਦੀ ਹੈ, ਤੁਹਾਨੂੰ ਉਹ ਸਾਰੀਆਂ ਹਾਲਤਾਂ ਨੂੰ ਚਲਦਾ ਕਰਨਾ ਹੋਵੇਗਾ ਜੋ ਵੱਖ-ਵੱਖ ਸਮਿਆਂ ਤੇ ਲੋਕਾਂ ਵਿੱਚ ਮਸਨੂਈ ਭੇਦ-ਭਾਵ ਪੈਦਾ ਕਰਦੀਆਂ ਹਨ ਅਤੇ ਜੋ ਸਾਰੀਆਂ ਔਕੜਾਂ ਲਈ ਜ਼ਿੰਮੇਵਾਰ ਹਨ।

ਇਹ ਸਾਰੇ ਭਿੰਨ ਭੇਦ, ਲੋਕਾਂ ਨੂੰ ਇਹ ਅਟਕਲ ਲਾਉਣ ਵਿਚ ਮਦਦਗਾਰ ਹਨ ਕਿ ਤੁਹਾਡੀਆਂ ਨੀਤੀ "ਪਾੜੋ ਅਤੇ ਰਾਜ ਕਰੋ" ਦੀ ਹੈ ਤੁਹਾਨੂੰ ਇਸ ਸਾਰੇ ਮਾੜੇ ਕੰਮ ਨੂੰ ਰੋਕਣਾ ਚਾਹੀਦਾ ਹੈ। ਨਵੇਂ ਸੰਵਿਧਾਨ ਵਿੱਚ ਕਿਸੇ ਕੌਮ ਨਾਲ ਵੀ ਕੋਈ ਵੀ ਸਮਝੌਤਾ ਨਹੀਂ ਹੋਣਾ ਚਾਹੀਦਾ। ਤੁਹਾਡੇ ਸੰਵਿਧਾਨ ਵਿੱਢ ਜੋ ਇਸ ਦੇ ਅਧੀਨ ਰਹਿਣਗੇ ਨੂੰ ਤਰੱਕੀ ਦੇ ਬਰਾਬਰ ਮੌਕੇ ਦਿੱਤੇ ਜਾਣ ਚਾਹੀਦੇ ਹਨ। ਅਸਲ ਲੋਕਤੰਤਰਿਕ ਸੰਵਿਧਾਨ ਇਕ ਕੌਮ ਨੂੰ ਲੋਕ-ਤੰਤਰਿਕ ਢਾਂਚਿਆਂ ਉਤੇ ਕਾਬਜ ਹੋ ਕੇ ਦੂਜੀਆਂ ਕੌਮਾਂ ਨੂੰ ਦਰੜਣ ਦੀ ਆਗਿਆ ਨਹੀਂ ਦਿੰਦਾ। ਤੁਹਾਡੇ ਨਵੇਂ ਸੰਵਿਧਾਨ ਅਨੁਸਾਰ ਸਾਰੇ ਨਾਗਰਿਕਾਂ ਦੇ ਅਧਿਕਾਰ ਕਨੂੰਨੀ ਤੌਰ ਉਤੇ ਬਰਾਬਰ ਹੋਣੇ ਚਾਹੀਦੇ ਹਨ। ਜਨਤਕ ਸੇਵਾਵਾਂ ਦਾ ਮਨੋਬਲ ਉਮੀਦਵਾਰਾਂ ਦੀ ਸੰਪਰਦਾਇਕ ਅਧਾਰ ਉਤੇ ਭਰਤੀ ਕਰਕੇ ਸੁੱਟਿਆ ਨਹੀਂ ਜਾਣਾ ਚਾਹੀਦਾ। Crown ਦੇ ਅੰਗਰੇਜ ਸੇਵਾਦਾਰਾਂ ਨੂੰ ਹੋਰ ਭੇਦ-ਭਾਵ ਨਹੀਂ ਕਰਨਾ ਚਾਹੀਦਾ। ਜਿਹੜੇ ਸੇਵਾਵਾਂ ਨੂੰ ਦੂਸ਼ਿਤ ਕਰ ਰਹੇ ਹਨ ਉਨ੍ਹਾਂ ਨੂੰ ਬਣਦੀ ਸਜ਼ਾ ਵੰਡਣੀ ਚਾਹੀਦੀ ਹੈ।

ਦੇਸ਼ ਵਿੱਚ ਲੋਕਤੰਤਰਿਕ ਸਰਕਾਰ ਸ਼ੁਰੂਆਤੀ ਅਧਾਰ ਵੋਟ ਦੇ ਅਧਿਕਾਰ ਦਾ ਸਵਾਲ ਹੈ, ਵੋਟ ਦਾ ਅਧਿਕਾਰ ਅਜਿਹਾ ਹੋਣਾ ਚਾਹੀਦਾ ਹੈ ਆਪਣੇ ਆਪ ਹੀ ਵੋਟਰਾਂ ਨੂੰ ਨਿਰਪੱਖ ਬਣਾ ਦੇਵੇ। ਭਾਰਤ ਦੀ ਤਰੱਕੀ ਚਾਹੁੰਦੇ ਲੋਕਾਂ ਦੀ ਤੁਹਾਡੇ ਤੋਂ ਇਹੀ ਆਸ ਹੈ, ਇਸ ਸੁਆਲ ਦਾ ਫੈਸਲਾ ਤੁਸੀਂ ਭਾਰਤੀ ਹਾਲਤਾਂ ਮੁਤਾਬਕ ਕਰੋ! ਮੈਂ ਸਿਰਫ਼ ਸੁਝਾਅ ਦਿੰਦਾ ਹਾਂ ਕਿ ਵੋਟ ਦੇਣ ਦਾ ਸੁਆਲ ਉਦੋਂ ਤਕ ਹੱਲ ਨਹੀਂ ਹੋ ਸਕਦਾ ਨਾ ਹੀ ਨਿਰਪੱਖ ਆਮ ਵੋਟਰ ਸੰਭਵ ਹੋ ਸਕਦਾ ਹੈ, ਅਤੇ ਨਾ ਹੀ ਇਹ ਸਿਸਟਮ ਤੁਹਾਡੇ ਲੋਕਾਂ ਵਲੋਂ ਭਾਰਤ ਨੂੰ ਸੂਬਿਆਂ ਅਤੇ ਉਪ-ਸੂਬਿਆਂ ਵਿੱਚ ਵੰਡ ਕੇ ਕੀਤੀਆਂ ਮਹਾਨ ਗਲਤੀਆਂ ਨੂੰ ਦੂਰ ਕੀਤੇ ਬਿਨਾਂ ਕਾਰਜਸ਼ੀਲ ਹੋ ਸਕਦਾ ਹੈ। ਨਹਿਰੂ ਕਮੇਟੀ ਨੇ ਮਨਮਾਨੀ ਕਰਕੇ ਅਤੇ ਕਲਪਨਾ ਅਧੀਨ ਪ੍ਰਸ਼ਾਸਨਿਕ ਵੰਡਾਂ ਕੀਤੀਆਂ ਹਨ ਜੋ ਇਕ ਸੂਬੇ ਨੂੰ ਦੂਜੇ ਨਾਲੋਂ ਵੰਡਦੀਆਂ ਹਨ। ਇਨ੍ਹਾਂ ਸੂਬਿਆਂ ਨੂੰ ਵੋਟ ਦੇ ਅਧਿਕਾਰ ਨੂੰ ਬਰਾਬਰੀ ਦੇ ਅਧਾਰਤ ਬਣਾਉਣ ਲਈ ਖਤਮ ਕਰ ਦੇਣਾ ਚਾਹੀਦਾ ਹੈ ਤਾਂ ਕਿ ਕੋਈ ਵੀ ਕੌਮ ਦੂਜੀ ਕੌਮ ਉਤੇ ਤਾਕਤ ਦਾ ਪ੍ਰਭਾਵ ਨਾ ਪਾ ਸਕੇ। ਇਨ੍ਹਾਂ ਗਲਤੀਆਂ ਨੂੰ ਸੁਧਾਰਕ ਦੀ ਕਲਪਨਾ ਨਾ ਹੋਇਆਂ ਨਾਲ ਦੀ ਹੈ ਕਿਉਂਕਿ ਤੁਹਾਡੇ ਰਾਸ਼ਟਰ ਨੇ ਭਾਰਤ ਨੂੰ ਲਗਾਤਾਰ ਸੂਬਿਆਂ ਵਿੱਚ ਵੰਡਿਆ ਹੈ ਅਤੇ ਵੱਖ ਪ੍ਰਸ਼ਾਸਨਿਕ ਯੂਨਿਟਾਂ ਬਣਾਉਣ ਵਿਚ ਇਸ ਨੇ ਘੱਟ-ਵੱਧ ਹੀ ਯਤਨ ਕੀਤੇ ਹਨ। ਸੁਧਾਰਕ ਤਾਨਾਸ਼ਾਹੀ ਤੋਂ ਪਹਿਲੀ ਸਥਿਤੀ ਵਿੱਚ ਇਨ੍ਹਾਂ ਵੰਡਾਂ ਨੇ ਵਧੀਆ ਕੰਮ ਕੀਤਾ ਹੈ। ਕੇਂਦਰੀ ਸਰਕਾਰ ਦੇ ਅਧੀਨ ਹਰੇਕ ਵੰਡ ਵਧੀਆ ਕੰਮ ਕਰਦੀ ਹੈ ਅਤੇ ਦੇਸ਼ ਨੂੰ ਸੰਪਰਦਾਇਕ ਪੱਧਰ ਉਤੇ ਵੰਡਣਾ ਇਸ ਦੀ ਤਰੱਕੀ ਦੀਆਂ ਜੜ੍ਹਾਂ ਵੱਢਣ ਵਾਂਗ ਹੈ। ਲੋਕਤੰਤਰਿਕ ਢਾਂਚਿਆਂ ਅਤੇ ਸੂਬਾਈ ਸਵੈ-ਸ਼ਕਤੀ ਦੇ ਨਾਲ, ਇਨ੍ਹਾਂ ਵੰਡਾਂ ਨੂੰ ਛਿਲਣ ਦੀ ਹੋਰ ਲੋੜ ਹੈ। ਸਿੰਧ ਨੌਰਥ-ਵੈਸਟਰਨ ਫਰੰਟੀਅਰ ਅਤੇ ਬੰਗਾਲ ਨੂੰ ਮੁਸਲਮ ਬਹੁਗਿਣਤੀ ਵਾਲੇ ਸੂਬੇ ਮੰਨਣਾ ਨੀਤੀਵਾਨਤਾ ਨਹੀਂ ਹੈ ਜਦੋਂ ਕਿ ਇਨ੍ਹਾਂ ਸੂਬਿਆਂ ਨੂੰ ਤੋੜ ਅਤੇ ਜੋੜ ਕੇ ਮੌਜੂਦਾ ਨਾਲੋਂ ਵਧੀਆ ਕੰਮ ਕਰਨ ਵਾਲੀਆਂ ਵੰਡਾ ਵਿੱਚ ਬਦਲਿਆ ਜਾ ਸਕਦਾ ਹੈ। ਪ੍ਰਤਿਭਾਸ਼ੀਲ ਦਾ ਅਸਲ ਕੰਮ ਇਹ ਹੋਵੇਗਾ ਕਿ ਵੋਟ ਸਿਸਟਮ ਨੂੰ ਇਸ ਤਰਾਂ ਬਣਾਇਆ ਜਾਵੇ ਜੋ ਤਾਕਤ ਦੇ ਸੰਤੁਲਨ ਨੂੰ ਕਾਇਮ ਰੱਖੇ। ਜਦੋਂ ਤਕ ਫੌਜੀ ਤਾਕਤ ਅਤੇ ਫੌਜ ਕੇਂਦਰੀ ਸਰਕਾਰ ਨਾਲ ਹੈ ਉਦੋਂ ਤਕ ਮੈਤਰੀਪੂਰਨ ਪ੍ਰੈਜ਼ੀਡੈਂਸੀਆਂ ਵਿੱਚ ਤਾਕਤ ਦਾ ਸੰਤੁਲਨ ਕਾਇਮ ਰੱਖਿਆ ਜਾ ਸਕਦਾ ਹੈ। ਇਹ ਕਹਿਣ ਤੋਂ ਬਿਨ੍ਹਾਂ ਅੱਗੇ ਨਹੀਂ ਵਧਿਆ ਜਾ ਸਕਦਾ ਕਿ ਅਸਲ ਅਤੇ ਪ੍ਰਭਾਵਸ਼ਾਲੀ ਤਬਦੀਲੀ ਲਈ ਇੱਕ ਤਰਾਂ ਦਾ ਦ੍ਰਿੜ੍ਹ ਅਨੁਸ਼ਾਸਨ ਕੁਝ ਸਮੇਂ ਲਈ ਰੱਖਣਾ ਜ਼ਰੂਰੀ ਹੈ ਤਾਂ ਕਿ ਨਵੀਂ ਤਬਦੀਲੀ ਠੀਕ ਤਰਾਂ ਕੰਮ ਕਰਨ ਦੇ ਯੋਗ ਹੋ ਸਕੇ।

ਮੈਂ ਸੰਵਿਧਾਨ ਨੂੰ ਨਿਰਪੱਖ ਅਤੇ ਅਸੰਪਰਦਾਇਕ ਬਣਾਉਣ ਦਾ ਹੀ ਸੁਝਾਅ ਨਹੀਂ ਦਿਆਗਾਂ ਸਗੋਂ ਭਾਰਤ ਦੀ ਪ੍ਰਸ਼ਾਸਨਿਕ ਵੰਡ ਇਸ ਤਰੀਕੇ ਨਾਲ ਕੀਤੀ ਜਾਣੀ ਚਾਹੀਦੀ ਹੈ ਕਿ ਸਾਂਝੀ ਵੋਟ ਪ੍ਰਣਾਲੀ ਅਸੰਪਰਦਾਇਕ ਅਧਾਰ ਉਤੇ ਸਹਿਜਤਾ ਨਾਲ ਸੰਭਵ ਹੋ ਸਕੇ। ਵੋਟ ਦਾ ਅਧਿਕਾਰ, ਕਰ ਦੇਣ ਦੀ ਮਾਤਰਾ ਵਿੱਦਿਆ ਅਤੇ ਮਨੁੱਖੀ ਗੁਣ ਜਾਂ ਫੌਜੀ ਖੂਬੀਆਂ ਵਾਲੇ ਅਲੱਗ-ਅਲੱਗ ਲੋਕਾਂ ਨੂੰ ਦਿੱਤੀ ਜਾਣੀ ਚਾਹੀਦਾ ਹੈ। ਮਿੱਤਰਤਾਪੂਰਨ ਪ੍ਰੈਜ਼ੀਡੈਂਸੀਆਂ ਦੀ ਵੰਡ ਨਾਲ ਅਤੇ ਨਵੀਂ ਵੋਟ ਪ੍ਰਣਾਲੀ ਦੀਆਂ ਸੀਮਾਵਾਂ ਨਾਲ ਚੁਣੇ ਹੋਏ ਢਾਂਚੇ ਅੱਗੇ ਆਉਣੇ ਚਾਹੀਦੇ ਹਨ ਜੋ ਅਸੰਪਰਦਾਇਕ ਤਰੀਕੇ ਨਾਲ ਨਵੇਂ ਸੰਵਿਧਾਨ ਅਨੁਸਾਰ ਕੰਮ ਕਰਨ ਅਤੇ ਜੋ ਸਚੇਤ ਮਨੁੱਖ ਅਤੇ ਅਸਲ ਨਾਗਰਿਕ ਦੇ ਉਪਯੋਗਤ ਹੋਣ। ਮੇਰਾ ਵਿਚਾਰ ਹੈ ਕਿ ਦੇਸ਼ ਦੀ ਵੰਡ ਇਸ ਤਰ੍ਹਾਂ ਹੋਵੇ ਕਿ ਸਾਰੀਆਂ ਕੌਮਾਂ ਅਤੇ ਜਾਤਾਂ ਨੂੰ ਤਰੱਕੀ ਦੇ ਬਰਾਬਰ ਮੌਕੇ ਮਿਲਣ ਅਤੇ ਵੋਟ ਦਾ ਅਧਿਕਾਰ ਸੀਮਤ ਅਤੇ ਲਚਕੀਲਾ ਹੋਵੇ ਤਾਂ ਕਿ ਸਾਰੀਆਂ ਕੌਮਾਂ ਦੇ ਵਧੀਆ ਪ੍ਰਤੀਨਿਧਾਂ ਦੇ ਚੁਣੇ ਜਾਣ ਦੇ ਬਰਾਬਰ ਮੌਕੇ ਹੋਣ। ਇਸ ਲਈ ਜਾਂ ਤਾਂ ਪੱਛਮੀ ਤਰਜ ਦੇ ਰਾਜਨੀਤਕ ਢਾਂਚਿਆਂ ਦੇ ਕੰਮ ਕਰਨ ਵਰਗੀਆਂ ਹਾਲਤਾਂ ਇਥੋਂ ਦੇ ਸਾਰੇ ਸੰਪਰਦਾਇਕ ਅੰਤਰਾਂ ਨੂੰ ਪੂਰੀ ਤਰਾਂ ਸਿਧਾਂਤਕ ਅਤੇ ਵਿਹਾਰਕ ਪਧਰ ਤੇ ਅੱਖੋਂ ਪਰੋਖੇ ਕਰਕੇ ਇਥੇ ਲਿਆਂਦੀਆਂ ਜਾਣੀਆਂ ਚਾਹੀਦੀਆ ਹਨ। ਪਰ ਸਥਾਨਕ ਭੇਦ-ਭਾਵ, ਅਗਿਆਨਤਾ ਅਤੇ ਪੁਸ਼ਤੈਨੀ ਗੁਲਾਮੀ ਨੂੰ ਧਿਆਨ ਵਿੱਚ ਰੱਖਦਿਆਂ ਜਾਂ ਫਿਰ ਪਰਉਪਕਾਰੀ ਤਾਨਾਸ਼ਾਹੀ ਵਲ ਮੁੜਨਾ ਚਾਹੀਦਾ ਸੀ ਪਰੰਤੂ ਤਾਨਾਸ਼ਾਹੀ ਹੁਣ ਅਸੰਭਵ ਹੈ। ਜੇ ਤੁਸੀਂ ਸਾਨੂੰ ਡੋਮੀਨੀਅਨ ਦਰਜਾ ਨਹੀਂ ਦਿੰਦੇ ਤਾਂ ਤੁਹਾਡਾ ਇਹ ਕੰਮ ਸਭਿਅਕ ਸਮਾਜ ਦੀਆਂ ਅੱਖਾਂ ਵਿੱਚ ਸ਼ਰਮਨਾਕ ਹੋਵੇਗਾ। ਇਸ ਲਈ ਹੁਣ ਰਾਜਨੀਤਕ ਤਾਕਤ ਦੇ ਸੰਤੁਲਨ ਨੂੰ ਕਾਇਮ ਰੱਖਣ ਵਾਲਾ ਵੋਟ ਸਿਸਟਮ ਹੀ ਇਸ ਸਥਿਤੀ ਦਾ ਸਹਿਜ ਬਦਲ ਹੈ ਅਤੇ ਇਹ ਸਰਕਾਰੀ ਕਰਮਚਾਰੀਆਂ ਦੀ ਅਸਰਦਾਇਕ ਚੋਣ ਵਿਧੀ ਵਿਚੋਂ ਪ੍ਰਤੀਬਿੰਬਤ ਹੋਣਾ ਚਾਹੀਦਾ ਹੈ। ਜੇ ਇਸ ਤਰਾਂ ਹੋ ਜਾਂਦਾ ਹੈ ਤਾਂ ਕਈ ਘੱਟ-ਗਿਣਤੀਆਂ ਨੂੰ ਵੀ ਆਪਣੀ ਦੇਖਭਾਲ ਆਪ ਕਰਨ ਲਈ ਇੱਕਲਿਆ ਛੱਡਿਆ ਜਾਣਾ ਚਾਹੀਦਾ ਹੈ।

ਸਿੱਟਾ

ਅੰਤ ਤੇ ਮੈਂ ਬੇਨਤੀ ਕਰਨੀ ਚਾਹਾਂਗਾ ਕਿ ਤੁਹਾਨੂੰ ਪੱਖਪਾਤੀ ਬਿਰਤੀ ਅਧੀਨ ਇਨ੍ਹਾਂ ਛੋਟਾ ਨਹੀਂ ਹੋਣਾ ਚਾਹੀਦਾ ਕਿ ਤੁਸੀਂ ਸਿਰਫ਼ ਇਕੋ ਕੌਮ ਦਾ ਪੱਖ ਕਰੋ ਅਤੇ ਨਾ ਹੀ ਇਨ੍ਹਾਂ ਵੱਡਾ ਹੋ ਜਾਣਾ ਚਾਹੀਦਾ ਹੈ ਕਿ ਤੁਸੀਂ ਭਾਰਤ ਨੂੰ ਇਕੋ ਤਾਕਤਵਰ ਕੌਮ ਦੇ ਹੱਥਾਂ ਵਿੱਚ ਦੇ ਦੇਵੋ ਅਤੇ ਦੂਜੀਆਂ ਘੱਟ-ਗਿਣਤੀ ਕੌਮਾਂ ਨੂੰ ਲੋਕ-ਤੰਤਰਿਕ ਢਾਂਚਿਆ ਦੇ ਹੁੰਦੇ ਹੋਏ ਵੀ ਅਨੰਤ ਗੁਲਾਮੀ ਤਕ ਘਟਾ ਦੇਵੋਂ। ਦੇਸ਼ ਨੂੰ ਮੁਸਲਮ ਅਤੇ ਹਿੰਦੂ ਸੂਬਿਆਂ ਵਿੱਚ ਵੰਡ ਕੇ ਤੁਸੀਂ ਸਿਰਫ਼ ਉਪਭੋਗਤਾਵਾਦੀ ਖਾਨਾਜੰਗੀ ਲਿਆ ਰਹੇ ਹੋ ਜੋ ਨਿਸ਼ਚਿਤ ਹੀ ਕਮਜ਼ੋਰ ਕੌਮਾਂ ਨੂੰ ਖਤਮ ਕਰ ਦੇਵੇਗੀ ਜਿਥੇ ਮੁਸਲਿਮ ਬਹੁਗਿਣਤੀ ਹੋਣਗੇ ਉਥੇ ਹਿੰਦੂ ਕਸ਼ਟ ਸਹਿਣਗੇ, ਜਿਥੇ ਹਿੰਦੂ ਤਾਕਤ ਵਿੱਚ ਹੋਣਗੇ ਉਥੇ ਮੁਸਲਮਾਨਾਂ ਉਤੇ ਕਹਿਰ ਢਾਹਿਆ ਜਾਵੇਗਾ। ਜਿਵੇਂ ਮੈਂ ਪਹਿਲਾਂ ਕਿਹਾ ਹੈ, ਤਾਕਤਵਰ ਕੌਮਾਂ ਜਿਵੇਂ ਸਿੱਖ ਮਰਨ-ਮਾਰਨ ਦੀ ਹੱਦ ਤਕ ਸਿੱਖ ਸੂਬੇ ਦੀ ਪ੍ਰਾਪਤੀ ਲਈ ਲੜਣਗੇ। ਇਹ ਮਹਾਨ ਸਮਾਂ ਹੈ ਅਤੇ ਅੰਗਰੇਜ਼ਾਂ ਨੂੰ ਉਹ ਰਾਜਨੀਤਕ ਸੂਝ ਦਿਖਾਉਣੀ ਚਾਹੀਦੀ ਹੈ ਜੋ ਹਾਲਾਂ ਤਕ ਉਨ੍ਹਾਂ ਨਹੀਂ ਦਿਖਾਈ ਹੈ।

ਮੈਂ ਤੁਹਾਡੇ ਅੰਦਰਲੇ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਤੁਹਾਨੂੰ ਤੁਹਾਡੇ ਉੱਚੇ ਨੈਤਿਕ ਪੱਧਰ ਤਕ ਉੱਠਣ ਲਈ ਮਦਦ ਕਰੇ ਅਤੇ ਤੁਹਾਨੂੰ ਇਸ ਯੋਗ ਬਣਾਵੇ ਕਿ ਤੁਸੀਂ ਸੰਵਿਧਾਨ ਨਾਲ ਸਾਰੇ ਭਾਰਤੀਆਂ ਨੂੰ ਹੈਰਾਨ ਕਰ ਦਿਉ। ਇਕ ਨਵਾਂ ਭਾਰਤ ਇਕ ਨਵੀਂ ਕੌਮ ਦੇ ਅਧਾਰ 'ਤੇ ਵੋਟ ਦਾ ਅਧਿਕਾਰ ਦਿਉ ਅਤੇ ਵੋਟ ਸਿਸਟਮ ਦੀਆਂ ਹੱਦਾਂ ਇਸ ਤਰਾਂ ਨਿਰਧਾਰਤ ਕਰੋ ਕਿ ਇੱਕ ਕੌਮ ਬਹੁਗਿਣਤੀ ਵੋਟਾਂ ਦੀ ਦਲਦਲ ਬਣਾਉਣ ਵਿੱਚ ਕਾਮਯਾਬ ਨਾ ਹੋਵੇ।

ਜਨਸੰਖਿਆ ਦੇ ਅਧਾਰ ਉਤੇ ਨਵਾਂ ਸੰਵਿਧਾਨ ਬਣਾਉਣਾ ਅਕਲਮੰਦੀ ਨਹੀਂ ਹੈ, ਰੇਸ ਦਾ ਘੋੜਾ ਲੱਖਾਂ ਗਧਿਆਂ ਨਾਲੋਂ ਵਧੀਆ ਹੁੰਦਾ ਹੈ, ਅਤੇ ਇਹ ਹੱਦਾਂ ਨਿਸ਼ਚਿਤ ਕਰਦਿਆਂ ਤੁਹਾਡੇ ਅੰਦਰਲੀ ਪ੍ਰਤਿਭਾ ਆਪਣੇ ਸਿਖਰ ਉਤੇ ਹੋਣੀ ਚਾਹੀਦੀ ਹੈ। ਆਪਣੇ ਸੰਵਿਧਾਨ ਨਾਲ ਹਿੰਦੂ ਅਤੇ ਮੁਸਲਮ ਨੂੰ ਖਤਮ ਕਰ ਦਿਉ ਅਤੇ ਅਜਿਹੀਆ ਹਾਲਤਾਂ ਦਾ ਨਿਰਮਾਣ ਕਰੋ ਜਿਸ ਵਿੱਚ "ਭਾਰਤੀਅਤਾ" ਸੰਭਵ ਹੋਵੇ ਜੋ ਅਸਲ ਵਿਚ ਭੋਲੀ ਭਾਰਤੀ ਜਨਤਾ ਦੀ ਪ੍ਰਤੀਨਿਧਤਾ ਕਰੇ।

ਨਹਿਰੂ ਕਮੇਟੀ ਨੇ ਬਲਦੇ ਜਵਾਲਾਮੁੱਖੀ ਦੇ ਢੇਰ ਉਤੇ ਸਮਝੌਤਾ-ਸੰਵਿਧਾਨ ਦੀ ਰਚਨਾ ਕੀਤੀ ਹੈ।

ਇਸ ਲਈ ਮੈਂ ਤੁਹਾਡੇ ਅੱਗੇ ਅਪੀਲ ਕਰਦਾ ਹਾਂ ਕਿ ਸਿਰਫ਼ ਅਸੰਪਰਦਾਇਕ ਸੰਵਿਧਾਨ ਨੂੰ ਹੀ ਮਾਨਤਾ ਦਿਉ। ਸਾਡੇ ਲਈ ਆਰਥਕ ਅਜ਼ਾਦੀ ਦਾ ਪ੍ਰਬੰਧ ਕਰੋ ਜਿਵੇਂ ਅਸਟਰੇਲੀਆ ਨੇ ਪ੍ਰਾਪਤ ਕੀਤੀ ਹੈ। ਸਰਕਾਰੀ ਸੇਵਾਵਾਂ ਦੀਆਂ ਹੱਕੇ-ਬੱਕੇ ਕਰਨ ਵਾਲੀਆਂ ਕਿਸਮਾਂ ਅਤੇ ਪ੍ਰਸ਼ਾਸ਼ਨ ਦੀ ਬੇਲੋੜੇ ਖਰਚੇ ਕੀਮਤ ਨੂੰ ਘੱਟ ਕਰੋ। ਜ਼ਮੀਨ ਦੇ ਮਾਲਕਾਂ ਨੂੰ ਅਤਿ ਦੇ ਕਰਾਂ ਤੋਂ ਮੁਕਤ ਕਰਕੇ ਉਨ੍ਹਾਂ ਦੀ ਫਸਲ ਪੈਦਾ ਕਰਨ ਲਈ ਹੋ ਰਹੀ ਲਾਗਤ ਨੂੰ ਘੱਟ ਤੋਂ ਘੱਟ ਕਰਕੇ ਕਿਸਾਨਾਂ ਨੂੰ ਸੁੱਖ ਦਾ ਸਾਹ ਦਿਉ। ਸਿਰਫ਼ ਤਦ ਇਨ੍ਹਾਂ ਕਿਸਾਨਾਂ ਦੀ ਆਰਥਕ ਹਾਲਤ ਸੁਧਰ ਸਕਦੀ ਹੈ ਅਤੇ ਤਾਂ ਹੀ ਧਨ-ਉਤਪਾਦਕ ਮਜ਼ਦੂਰਾਂ ਦੀ ਅਸਲ ਮੱਧ-ਵਰਗੀ ਕਲਾਸ ਹੋਂਦ ਵਿੱਚ ਆ ਸਕਦੀ ਹੈ।

ਤੁਹਾਡਾ ਹਿਤੂ,
ਪੂਰਨ ਸਿੰਘ
21 ਅਕਤੂਬਰ 1928, P.O. ਚੱਕ ਨੰ. 73/19
(ਵਾਇਆ ਨਨਕਾਣਾ ਸਾਹਿਬ, ਉੱਤਰ ਪੱਛਮੀ ਰੇਲਵੇ, ਪੰਜਾਬ)